# ਸਰਕਾਰੀ ਵਕੀਲਾਂ ਲਈ ਕੋਡ

ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਇੰਗਲੈਂਡ ਅਤੇ ਵੇਲਜ਼ ਲਈ ਮੁੱਖ ਜਨਤਕੀ ਪੈਰਵੀ ਮੁਕੱਦਮੇ ਕਰਨ ਵਾਲੀ ਅਥੋਰਿਟੀ ਹੈ ਅਤੇ ਇਸ ਦਾ ਮੁੱਖੀ ਡਾਇਰੈਕਟਰ ਔਫ ਪਬਲਿਕ ਪ੍ਰੌਸੀਕਿਊਸ਼ਨਲ ਹੈ। ਇਸ ਸੇਵਾ ਲਈ ਅਟਰਨੀ ਜਨਰਲ ਪਾਰਲੀਮੈਂਟ ਨੂੰ ਜਵਾਬਦੇਹ ਹੈ।

ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਇਕ ਰਾਸ਼ਟਰੀ ਸੰਸਥਾ ਹੈ ਜਿਸ ਵਿਚ 42 ਇਲਾਕੇ ਹਨ। ਹਰ ਇਕ ਇਲਾਕੇ ਦਾ ਮੁੱਖੀ ਚੀਫ ਪ੍ਰੌਸੀਕਿਊਟਰ ਹੈ ਅਤੇ ਇਹ ਇਕੱਲੇ ਪੁਲਿਸ ਫੋਰਸ ਦਏ ਇਲਾਕੇ ਦੇ ਅਨੁਸਾਰ ਹੈ, ਲੰਡਨ ਲਈ ਵੀ ਇਕ ਹੈ। ਪੁਲਿਸ ਵਲੋਂ ਪੜਤਾਲ ਕੀਤੇ ਗਏ ਕੇਸਾਂ ਦੇ ਪੈਰਵੀ ਮੁਕੱਦਮੇ ਚਲਾਉਣ ਲਈ ਇਹ 1986 ਵਿਚ ਸਥਾਪਿਤ ਕੀਤੀ ਗਈ ਸੀ।

ਭਾਵੇਂ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਪੁਲਿਸ ਨਾਲ ਨਜ਼ਦੀਕੀ ਕੰਮ ਕਰਦੀ ਹੈ, ਫਿਰ ਵੀ ਇਹ ਪੁਲਿਸ ਤੋਂ ਅਜ਼ਾਦ ਹੈ। ਸਰਕਾਰੀ ਪੈਰਵੀ ਮੁਕੱਦਮਾ ਕਰਨ ਵਾਲੇ ਵਕੀਲਾਂ ਦੀ ਅਜ਼ਾਦੀ ਇਕ ਬੁਨਿਆਦੀ ਸਵਿਧਾਨਕ ਮਹੱਤਤਾ ਰਖਦੀ ਹੈ। ਮੁਕੱਦਮਿਆਂ ਨਾਲ ਸੰਬੰਧਤ ਇਨਸਾਫ, ਨਿਰਪੱਖ ਅਤੇ ਇਮਾਨਦਾਰੀ ਨਾਲ ਕੀਤੇ ਗਏ ਫੈਸਲੇ ਜੁਰਮ ਦੇ ਸ਼ਿਕਾਰਾਂ, ਗਵਾਹਾਂ, ਮੁਦਾਲਾਹਾਂ ਅਤੇ ਜਨਤਾ ਲਈ ਨਿਆਂ ਪ੍ਰਦਾਨ ਕਰਨ ਵਿਚ ਮਦਦ ਕਰਦੇ ਹਨ।

ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਦੂਸਰੇ ਅਧਿਕਾਰ ਖੇਤਰਾਂ ਦੀਆਂ ਪੜਤਾਲ ਅਤੇ ਪੈਰਵੀ ਮੁਕੱਦਮੇ ਕਰਨ ਵਾਲੀਆਂ ਏਜੰਸੀਆਂ ਨੂੰ ਸਹਿਯੋਗ ਦਿੰਦੀ ਹੈ।

ਪੈਰਵੀ ਮੁਕੱਦਮਿਆਂ ਬਾਰੇ ਫੈਸਲੇ ਕਰਨ ਵੇਲੇ ਸਧਾਰਨ ਨਿਯਮਾਂ ਨੂੰ ਲਾਗੂ ਕਰਨ ਬਾਰੇ ਰਹਿਨੁਮਾਈ ਦੇਣ ਲਈ, ਪ੍ਰੌਸੀਕਿਊਸ਼ਨ ਔਫ ਅਫੈਂਸਸ ਐਕਟ 1985 ਦੇ ਧਾਰਾ 10 ਅਧੀਨ ਸਰਕਾਰੀ ਵਕੀਲਾਂ ਲਈ ਕੋਡ ਜਾਰੀ ਕਰਨ ਲਈ ਡਾਇਰੈਕਟਰ ਔਫ ਪਬਲਿਕ ਪ੍ਰੌਸੀਕਿਊਸ਼ਨ ਜ਼ੁੰਮੇਵਾਰ ਹੈ। ਇਹ ਕੋਡ ਦੀ ਪੰਜਵੀ ਪ੍ਰਕਾਸ਼ਨ ਹੈ ਅਤੇ ਸਾਰੀਆਂ ਪਹਿਲੀਆਂ ਪ੍ਰਕਾਸ਼ਨਾਂ ਦੀ ਥਾਂ ਤੇ ਹੈ। ਇਸ ਕੋਡ ਦੇ ਮਕਸਦ ਲਈ, 'ਕਰਾਊਨ ਪ੍ਰੌਸੀਕਿਊਟਰ' ਵਿਚ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਵਿਚ ਉਹ ਵਿਭਾਗੀ ਕਰਮਚਾਰੀ ਸ਼ਾਮਲ ਹਨ ਜਿਨ੍ਹਾਂ ਨੂੰ ਐਕਟ ਦੇ ਧਾਰਾ 7A ਅਧੀਨ ਡਾਇਰੈਕਟਰ ਔਫ ਪਬਲਿਕ ਪ੍ਰੌਸੀਕਿਊਸ਼ਨ ਨੇ ਨਿਯੁਕਤ ਕੀਤਾ ਹੈ ਅਤੇ ਇਸ ਧਾਰਾ ਅਧੀਨ ਆਪਣੇ ਅਧਿਕਾਰ ਵਰਤ ਰਹੇ ਹਨ।

© ਸਰਕਾਰ ਦੇ ਹੱਕ ਰਾਖਵੇਂ ਹਨ 2004
ਇਸ ਕੋਡ ਨੂੰ ਦੁਬਾਰਾ ਪ੍ਰਕਾਸ਼ਤ ਕਰਨ ਲਈ ਅਰਜ਼ੀਆਂ
ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਨੂੰ ਭੇਜਣੀਆਂ ਚਾਹੀਦੀਆਂ ਹਨ।

## 1 ਮੁੱਖਬੰਧ

**1.1** ਕਿਸੇ ਵਿਅਕਤੀ ਖਿਲਾਫ ਪੈਰਵੀ ਮੁਕੱਦਮਾ ਚਲਾਉਣਾ ਇਕ ਗੰਭੀਰ ਕਦਮ ਹੈ। ਕਾਨੂੰਨ ਅਤੇ ਹੁਕਮ ਨੂੰ ਕਾਇਮ ਰਖਣ ਲਈ ਨਿਆਂਕਾਰੀ ਅਤੇ ਅਸਰਦਾਰ ਪੈਰਵੀ ਮੁਕੱਦਮੇ ਜ਼ਰੂਰੀ ਹਨ। ਛੋਟੇ ਕੇਸ ਵਿਚ ਵੀ ਪੈਰਵੀ ਮੁਕੱਦਮੇ ਦੇ ਸੰਬੰਧਤ - ਜੁਰਮ ਦੇ ਸ਼ਿਕਾਰਾਂ, ਗਵਾਹਾਂ ਅਤੇ ਮੁਦਾਲਾਹਾਂ ਨੇ ਗੰਭੀਰ ਅਰਥ ਸੰਭਾਵਨਾਵਾਂ ਹਨ। ਪੈਰਵੀ ਮੁਕੱਦਮਿਆਂ ਬਾਰੇ ਨਿਆਂਕਾਰੀ ਅਤੇ ਏਕਸਾਰ ਫੈਸਲੇ ਕਰਨ ਲਈ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਸਰਕਾਰੀ ਵਕੀਲਾਂ ਲਈ ਕੋਡ ਲਾਗੂ ਕਰਦੀ ਹੈ।

**1.2** ਕੋਡ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਦੇ ਨਿਆਂ ਕਰਨ ਵਿਚ ਆਪਣਾ ਯੋਗਦਾਨ ਪਾਉਣ ਲਈ ਮਦਦ ਕਰਦਾ ਹੈ। ਇਸ ਕੋਡ ਪੁਲਿਸ ਅਫ਼ਸਰ ਅਤੇ ਦੂਸਰਿਆਂ ਲਈ ਜਿਹੜੇ ਫੌਜ਼ਦਾਰੀ ਨਿਆਂਕਾਰੀ ਵਿਵਸਥਾ ਵਿਚ ਕੰਮ ਕਰਦੇ ਹਨ ਅਤੇ ਆਮ ਜਨਤਾ ਲਈ ਜ਼ਰੂਰੀ ਜਾਣਕਾਰੀ ਸ਼ਾਮਲ ਹੈ। ਪੁਲਿਸ ਅਫ਼ਸਰਾਂ ਨੂੰ ਇਸ ਕੋਡ ਦੀਆਂ ਸ਼ਰਤਾਂ ਉਸ ਵੇਲੇ ਲਾਗੂ ਕਰਨੀਆਂ ਚਾਹੀਦੀਆਂ ਹਨ ਜਿਸ ਵੇਲੇ ਕਿਸੇ ਵਿਅਕਤੀ ਨੂੰ ਕਿਸੇ ਅਪਰਾਧ ਦੇ ਦੋਸ਼ ਲਾਉਣ ਜਾਂ ਨਾ ਲਾਉਣ ਦਾ ਫੈਸਲਾ ਕਰਨ ਲਈ ਜ਼ੁੰਮੇਵਾਰ ਹੋਣ।

**1.3** ਕੋਡ ਇਸ ਲਈ ਵੀ ਬਣਾਇਆ ਗਿਆ ਹੈ ਕਿ ਇਹ ਪੱਕਾ ਕਰਨ ਲਈ ਕਿ ਸਾਰਿਆਂ ਨੂੰ ਉਨ੍ਹਾਂ ਨਿਯਮਾਂ ਬਾਰੇ ਪਤਾ ਹੋਵੇ ਜਿਹੜੇ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਆਪਣਾ ਕੰਮ ਕਰਨ ਵੇਲੇ ਲਾਗੂ ਕਰਦੀ ਹੈ। ਇਕੋ ਹੀ ਨਿਯਮ ਲਾਗੂ ਕਰਕੇ, ਇਸ ਵਿਵਸਥਾ ਵਿਚ ਸ਼ਾਮਲ ਹਰ ਕੋਈ ਜੁਰਮ ਦੇ ਸ਼ਿਕਾਰਾਂ, ਗਵਾਹਾਂ ਅਤੇ ਮੁਦਾਲਾਹਾਂ ਨਾਲ ਇਨਸਾਫ ਭਰਿਆ ਵਰਤਾਓ ਕਰਨ ਵਿਚ ਅਤੇ ਨਾਲ ਹੀ ਪੈਰਵੀ ਮੁਕੱਦਮਿਆਂ ਦੀ ਅਸਰਦਾਰ ਤਰੀਕੇ ਨਾਲ ਕਾਰਵਾਈ ਕਰਨ ਵਿਚ ਮਦਦ ਕਰ ਰਹੇ ਹਨ।

## 2 ਸਧਾਰਨ ਨਿਯਮ

**2.1** ਹਰ ਇਕ ਕੇਸ ਵਖਰਾ ਹੁੰਦਾ ਹੈ ਅਤੇ ਉਸ ਨੂੰ ਆਪਣੇ ਤੱਤਾਂ ਚੰਗਿਆਈ ਬੁਰਿਆਈ ਦੇ ਅਧਾਰ ਤੇ ਵਿਚਾਰਿਆ ਜਾਣਾ ਚਾਹੀਦੀ ਹੈ। ਫਿਰ ਵੀ, ਕਈ ਸਧਾਰਨ ਨਿਯਮ ਹਨ ਜਿਹੜੇ ਸਰਕਾਰੀ ਵਕੀਲਾਂ ਉਪਰ ਲਾਗੂ ਹਨ ਜਿਨ੍ਹਾਂ ਦੀ ਉਨ੍ਹਾਂ ਨੂੰ ਹਰ ਕੇਸ ਨਾਲ ਨਜਿੱਠਣਾ ਚਾਹੀਦਾ ਹੈ।

**2.2** ਸਰਕਾਰੀ ਵਕੀਲ ਇਨਸਾਫ, ਅਜ਼ਾਦ ਅਤੇ ਵਸਤੂਪਰਕ ਤੱਤਾਂ ਉਪਰ ਅਧਾਰਤ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਸ਼ੱਕੀ ਆਦਮੀ, ਜੁਰਮ ਦੇ ਸ਼ਿਕਾਰ ਜਾਂ ਗਵਾਹ ਦੇ ਨਸਲੀ ਜਾਂ ਰਾਸ਼ਟਰੀ ਮੂਲ, ਅੰਗਹੀਣਤਾ, ਲਿੰਗ, ਧਾਰਮਿਕ ਵਿਸ਼ਵਾਸ਼, ਸਿਆਸੀ ਵਿਚਾਰ ਜਾਂ ਲਿੰਗੀ ਢਲਾਅ ਨੂੰ ਆਪਣੇ ਫੈਸਲਿਆਂ ਉਪਰ ਪ੍ਰਭਾਵ ਨਹੀਂ ਪਾਉਣ ਦੇਣਾ ਚਾਹੀਦਾ। ਉਨਹਾਂ ਨੂੰ ਕਿਸੇ ਵੀ ਸੂਤਰ ਤੋਂ ਅਣਉਚਿੱਤ ਜਾਂ ਅਯੋਗ ਦਬਾ ਕਾਰਨ ਪ੍ਰਭਾਵਤ ਨਹੀਂ ਹੋਣਾ ਚਾਹੀਦਾ।

**2.3** ਸਹੀ ਵਿਅਕਤੀ ਦੇ ਵਿਰੁੱਧ ਸਹੀ ਅਪਰਾਧ ਦਾ ਪੈਰਵੀ ਮੁਕੱਦਮਾ ਚਲਾਉਣਾ ਸਰਕਾਰੀ ਵਕੀਲਾਂ ਦੀ ਜ਼ੁੰਮੇਵਾਰੀ ਹੈ। ਇਸ ਤਰ੍ਹਾਂ ਕਰਨ ਵੇਲੇ, ਸਰਕਾਰੀ ਵਕੀਲਾਂ ਨੂੰ ਨਿਆਂ ਦੇ ਹਿੱਤਾਂ ਲਈ ਗਤੀਸ਼ੀਲ ਹੋਣਾ ਚਾਹੀਦਾ ਹੈ ਨਾ ਕਿ ਸਿਰਫ ਦੋਸ਼ ਸਿਧੀ ਲਈ ਹਾਂ।

**2.4** ਸਰਕਾਰੀ ਵਕੀਲਾਂ ਨੂੰ ਜਾਂਚ ਪੜਤਾਲ ਅਤੇ ਪੈਰਵੀ ਮੁਕੱਦਮੇ ਦੀ ਕਾਰਵਾਈ ਦੌਰਾਨ ਤਫਤੀਸ਼ਕਾਰਾਂ ਨੂੰ ਰਹਿਨੁਮਾਈ ਅਤੇ ਸਲਾਹ ਪ੍ਰਦਾਨ ਕਰਨੀ ਚਾਹੀਦੀ ਹੈ। ਇਸ ਵਿਚ ਜਾਂਚ ਪੜਤਾਲ, ਜ਼ਰੂਰੀ ਸਬੂਤ ਅਤੇ ਸੱਭ ਦੋਸ਼ ਲਾਉਣ ਤੋਂ ਪਹਿਲਾਂ ਕਾਰਵਾਈਆਂ ਵਿਚ ਸਹਾਇਤਾ ਸ਼ਾਮਲ ਹੈ। ਸਬੂਤ ਵਿਚ ਕਮੀਆਂ ਦੀ ਪਛਾਣ ਅਤੇ ਜਿਥੇ ਹੋ ਸਕੇ ਉਨ੍ਹਾਂ ਦੀ ਸੋਧ ਅਤੇ ਉਨ੍ਹਾਂ ਮੁਕੱਦਮਿਆਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਜਿਨ੍ਹਾਂ ਨੂੰ ਹੋਰ ਜਾਂਚ ਪੜਤਾਲ ਨਾਲ ਵਧੇਰੇ ਮਜ਼ਬੂਤ ਨਹੀਂ ਬਣਾਇਆ ਜਾ ਸਕਦਾ ਕਰਨ ਲਈ ਸਰਕਾਰੀ ਵਕੀਲ ਆਪ ਉਪਰਾਲਾ ਕਰਨਗੇ।

**2.5** ਮੁਕੱਦਮਿਆਂ ਦਾ ਮੁੜ ਵਿਚਾਰ, ਬਾਰੇ ਸਲਾਹ ਦੇਣੀ ਅਤੇ ਪੈਰਵੀ ਕਰਨੀ, ਇਹ ਨਿਸ਼ਚਿੱਤ ਕਰਨ ਲਈ ਕਿ ਕਾਨੂੰਨ ਸਹੀ ਤੌਰ ਤੇ ਲਾਗੂ ਕੀਤਾ ਗਿਆ ਹੈ, ਅਦਾਲਤ ਅੱਗੇ ਸਾਰੇ ਸੰਬੰਧਤ ਸਬੂਤ ਪੇਸ਼ ਕੀਤੇ ਗਏ ਹਨ ਅਤੇ ਕੋਡ ਵਿਚ ਸਥਾਪਤ ਨਿਯਮਾਂ ਅਨੁਸਾਰ, ਬਚਾਅ ਪੱਖ ਨੂੰ ਜਾਣਕਾਰੀ ਦੇਣ ਦੀਆਂ ਜ਼ੁੰਮੇਵਾਰੀਆਂ ਪੂਰੀਆਂ ਕੀਤੀਆਂ ਗਈਆਂ ਹਨ ਦੀ ਜ਼ੁੰਮੇਵਾਰੀ ਸਰਕਾਰੀ ਵਕੀਲਾਂ ਸਿਰ ਹੈ।

**2.6** ਹਿਊਮਨ ਰਾਈਟਸ ਐਕਟ 1998 ਦੇ ਮੰਤਵਾਂ ਲਈ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਇਕ ਜਨਤਕ ਅਥੌਰਿਟੀ ਹੈ। ਸਰਕਾਰੀ ਵਕੀਲਾਂ ਨੂੰ ਐਕਟ ਦੇ ਅਨੁਸਾਰ ਯੂਰਪੀਅਨ ਕੌਨਵੈਨਸ਼ਨ ਔਨ ਹਿਊਮਨ ਰਾਈਟਸ ਦੇ ਨਿਯਮਾਂ ਨੂੰ ਲਾਗੂ ਕਰਨਾ ਚਾਹੀਦਾ ਹੈ।

## 3. ਪੈਰਵੀ ਮੁਕੱਦਮਾ ਕਰਨ ਦਾ ਫੈਸਲਾ

**3.1** ਬਹੁਤੇ ਕੇਸਾਂ ਵਿਚ, ਸਰਕਾਰੀ ਵਕੀਲ ਫੈਸਲਾ ਕਰਦੇ ਹਨ ਕਿ ਵਿਅਕਤੀ ਦੇ ਖਿਲਾਫ ਫੌਜ਼ਦਾਰੀ ਅਪਰਾਧ ਦਾ ਦੋਸ਼ ਲੱਗਣਾ ਚਾਹੀਦਾ ਹੈ ਜਾਂ ਨਹੀਂ ਅਤੇ ਜੇ ਲੱਗਣਾ ਚਾਹੀਦਾ ਹੈ, ਤਾਂ ਉਸ ਅਪਰਾਧ ਦਾ ਲੱਗਣਾ ਚਾਹੀਦਾ ਹੈ। ਸਰਕਾਰੀ ਵਕੀਲਾਂ ਨੂੰ ਇਹ ਫੈਸਲੇ ਇਸ ਕੋਡ ਅਤੇ ਦੋਸ਼ ਲਾਉਣ ਬਾਰੇ ਡਾਇਰੈਕਟਰ ਦੀ ਰਹਿਨੁਮਾਈ ਅਨੁਸਾਰ ਫੈਸਲੇ ਕਰਨੇ ਚਾਹੀਦੇ ਹਨ। ਉਨ੍ਹਾਂ ਕੇਸਾਂ ਵਿਚ ਜਿਥੇ ਪੁਲਿਸ ਨੇ ਦੋਸ਼ ਲਾਉਣ ਦਾ ਫੈਸਲਾ ਕਰਨਾ ਹੈ, ਜਿਹੜੇ ਆਮ ਤੌਰ ਤੇ ਮਾਮੂਲੀ ਅਤੇ ਸਧਾਰਨ ਕੇਸ ਹੁੰਦੇ ਹਨ, ਉਹ ਵੀ ਇਕੋ ਹੀ ਸ਼ਰਤਾਂ ਲਾਗੂ ਕਰਦੇ ਹਨ।

**3.2** ਥਰੈਸ਼ਹੋਲਡ ਟੈਸਟ ਲਾਗੂ ਹੋਣ ਵਾਲੀਆਂ ਕੁੱਝ ਸੀਮਤ ਸਥਿੱਤੀਆਂ ਤੋਂ ਇਲਾਵਾ (ਭਾਗ 6 ਵੇਖੋ), ਸਰਕਾਰੀ ਵਕੀਲ ਫੁੱਲ ਕੋਡ ਟੈਸਟ (ਭਾਗ 5 ਵੇਖੋ) ਦੇ ਅਨੁਸਾਰ ਦੋਸ਼ ਅਰੋਪਣ ਦੇ ਫੈਸਲੇ ਕਰਦੇ ਹਨ।

**3.3** ਥਰੈਸ਼ਹੋਲਡ ਟੈਸਟ ਉਸ ਕੇਸ ਵਿਚ ਲਾਗੂ ਹੁੰਦਾ ਹੈ ਜਿਹਸ ਵਿਚ ਸ਼ੱਕੀ ਵਿਅਕਤੀ ਨੂੰ ਦੋਸ਼ ਅਰੋਪਣ ਤੋਂ ਬਾਅਦ ਹਿਰਾਸਤ ਵਿਚ ਰੱਖਣ ਦੀ ਤਜਵੀਜ਼ ਹੋਵੇ, ਪਰ ਹਾਲੇ ਫੁੱਲ ਕੋਡ ਟੈਸਟ ਲਾਗੂ ਕਰਨ ਲਈ ਸਬੂਤ ਮੌਜੂਦ ਨਹੀਂ।

**3.4** ਜਿਥੇ ਸਰਕਾਰੀ ਵਕੀਲ ਨੇ ਦੋਸ਼ ਅਰੋਪਣ ਦਾ ਫੈਸਲਾ ਥਰੈਸ਼ਹੋਲਡ ਟੈਸਟ ਅਨੁਸਾਰ ਕੀਤਾ, ਜਾਂਚ ਪੜਤਾਲ ਦੀ ਹੋਈ ਤਰੱਕੀ ਨੂੰ ਵਿਚਾਰ ਅਧੀਨ ਕਰਕੇ, ਕੇਸ ਉਪਰ ਜਲਦੀ ਤੋਂ ਜਲਦੀ ਫੁੱਲ ਕੋਡ ਟੈਸਟ ਅਨੁਸਾਰ ਮੁੜ ਵਿਚਾਰ ਕਰਨਾ ਚਾਹੀਦਾ ਹੈ।

## 4. ਮੁੜ ਵਿਚਾਰ

**4.1** ਪੁਲਿਸ ਤੋਂ ਸਪੁਰਦ ਕੀਤੇ ਹੋਏ ਹਰ ਕੇਸ ਉਪਰ ਇਹ ਨਿਸ਼ਚਿੱਤ ਕਰਨ ਲਈ ਕਿ ਪੈਰਵੀ ਮੁਕੱਦਮਾ ਚਲਾਉਣਾ ਜਾਇਜ਼ ਹੈ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਮੁੜ ਵਿਚਾਰ ਕਰਦੀ ਹੈ। ਜੇ ਥਰੈਸ਼ਹੋਲਡ ਟੈਸਟ ਲਾਗੂ ਨਾ ਹੋਇਆ, ਤਾਂ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਫੁੱਲ ਕੋਡ ਟੈਸਟ ਦੇ ਦੋਵੇਂ ਪੜਾਅ ਪਾਸ ਕਰਨ ਤੋਂ ਬਾਅਦ ਹੀ ਪੈਰਵੀ ਮੁਕੱਦਮੇ ਨੂੰ ਅਰੰਭ ਜਾਂ ਜਾਰੀ ਰਖੇਗੀ।

**4.2** ਮੁੜ ਵਿਚਾਰ ਇਕ ਨਿਰੰਤਰ ਜਾਰੀ ਕਾਰਵਾਈ ਹੈ ਅਤੇ ਸਰਕਾਰੀ ਵਕੀਲਾਂ ਨੂੰ ਸਥਿਤਿਆਂ ਵਿਚ ਹਰ ਤਬਦੀਲੀ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਜਿਥੇ ਸੰਭਵ ਹੋਵੇ, ਜੇ ਸਰਕਾਰੀ ਵਕੀਲ ਦੋਸ਼ਾਂ ਨੂੰ ਤਬਦੀਲ ਜਾਂ ਮੁਕੱਦਮੇ ਨੂੰ ਖਤਮ ਕਰਨ ਬਾਰੇ ਰਹੇ ਹਨ ਤਾਂ ਉਨ੍ਹਾਂ ਨੂੰ ਪੁਲਿਸ ਨਾਲ ਪਹਿਲਾਂ ਗੱਲ ਕਰਨੀ ਚਾਹੀਦੀ ਹੈ। ਜੇ ਸਰਕਾਰੀ ਵਕੀਲ ਇਹ ਸਮਝਣ ਕਿ ਕੁੱਝ ਵਧੇਰੇ ਸਬੂਤ ਪ੍ਰਾਪਤ ਹੋਣ ਨਾਲ ਕੇਸ ਵਧੇਰੇ ਮਜ਼ਬੂਤ ਹੋ ਸਕਦਾ ਹੈ ਤਾਂ ਵੀ ਉਨ੍ਹਾਂ ਨੂੰ ਲਾਗੂ ਪੁਲਿਸ ਨੂੰ ਦੱਸਣਾ ਚਾਹੀਦਾ ਹੈ ਇਸ ਤਰ੍ਹਾਂ ਕਰਨ ਨਾਲ ਪੁਲਿਸ ਨੂੰ ਹੋਰ ਜਾਣਕਾਰੀ ਪ੍ਰਦਾਨ ਕਰਨ ਦਾ ਮੌਕਾ ਮਿਲ ਜਾਂਦਾ ਹੈ ਅਤੇ ਇਸ ਨਾਲ ਫੈਸਲੇ ਉਪਰ ਪ੍ਰਭਾਵ ਪੈ ਸਕਦਾ ਹੈ।

**4.3** ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਅਤੇ ਪੁਲਿਸ ਸਾਂਝੇ ਤੌਰ ਤੇ ਇਕੱਠੇ ਕੰਮ ਕਰਦੇ ਹਨ, ਪਰ ਅੰਤਿਮ ਫੈਸਲਾ ਕਰਨ ਦੀ ਜ਼ੁੰਮੇਵਾਰੀ ਕਿ ਦੋਸ਼ ਸਰੋਪਣ ਜਾਂ ਕੇਸ ਅਗਾਂਹ ਜਾਣਾ ਚਾਹੀਦਾ ਹੈ ਜਾਂ ਨਹੀਂ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਦੀ ਹੀ ਹੈ।

## 5 ਫੁੱਲ ਕੋਡ ਟੈਸਟ

**5.1** ਫੁੱਲ ਕੋਡ ਟੈਸਟ ਦੇ ਦੋ ਪੜਾਅ ਹਨ। ਪਹਿਲੇ ਸਟੇਜ ਵਿਚ ਸਬੂਤ ਬਾਰੇ ਵਿਚਾਰ ਕੀਤਾ ਜਾਂਦਾ ਹੈ। ਜੇ ਕੇਸ ਸਬੂਤ ਦੇ ਪੜਾਅ ਵਿਚੋਂ ਪਾਸ ਨਾ ਹੋਇਆ ਤਾਂ ਇਸ ਨੂੰ ਅਗਾਂਹ ਨਹੀਂ ਜਾਣਾ ਚਾਹੀਦਾ ਬੇਸ਼ਕ ਇਹ ਕਿੰਨਾ ਵੀ ਮਹੱਤਵਪੂਰਨ ਜਾਂ ਸੰਗੀਨ ਹੋਵੇ। ਜੇ ਕੇਸ ਸਬੂਤ ਦੇ ਪੜਾਅ ਵਿਚੋਂ ਪਾਸ ਹੋ ਜਾਵੇ, ਤਾਂ ਸਰਕਾਰੀ ਵਕੀਲਾਂ ਨੂੰ ਦੂਸਰੇ ਪੜਾਅ ਤੇ ਜਾਣਾ ਚਾਹੀਦਾ ਹੈ ਅਤੇ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਜਨਤਕ ਹਿੱਤ ਲਈ ਪੈਰਵੀ ਮੁਕੱਦਮੇ ਦੀ ਜ਼ਰੂਰਤ ਹੈ ਜਾਂ ਨਹੀਂ। ਸਬੂਤ ਅਤੇ ਜਨਤਕ ਹਿੱਤ ਦੇ ਪੜਾਵਾਂ ਦਾ ਸਪਸ਼ਟੀਕਰਨ ਹੇਠਾਂ ਦਿੱਤਾ ਗਿਆ ਹੈ।

### ਸਬੂਤ ਦਾ ਪੜਾਅ

**5.2** ਸਰਕਾਰੀ ਵਕੀਲਾਂ ਨੂੰ ਸੰਤੁਸ਼ਟ ਹੋਣਾ ਚਾਹੀਦਾ ਹੈ ਕਿ ਹਰ ਇਕ ਮੁੱਦਾਲਾਹ ਵਿਰੁੱਧ ਹਰ ਦੋਸ਼ ਸੰਬੰਧੀ 'ਦੋਸ਼ੀ ਸਿੱਧੀ ਦੀ ਕਾਫੀ ਸੰਭਾਵਨਾ' ਲਈ ਉਚਿੱਤ ਸਬੂਤ ਹਨ। ਉਨ੍ਹਾਂ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਬਚਾ ਪੱਖ ਦਾ ਕੇਸ ਕੀ ਹੋ ਸਕਦਾ ਹੈ ਅਤੇ ਇਸ ਦਾ ਪੈਰਵੀ ਕੇਸ ਉਪਰ ਕੀ ਪ੍ਰਭਾਵ ਪੈ ਸਕਦਾ ਹੈ।

**5.3** ਦੋਸ਼ੀ ਸਿੱਧੀ ਦੀ ਕਾਫੀ ਸੰਭਾਵਨਾ ਇਕ ਵਾਸਤਵਕ ਪਰਖ ਹੈ। ਇਸ ਦਾ ਮਤਲਬ ਹੈ ਕਿ ਜਿਊਰੀ ਜਾਂ ਮਾਜਿਸਟਰੇਟ ਜਾਂ ਜੱਜ ਇਕੱਲੇ ਕੇਸ ਸੁਣਦੇ ਹੋਏ, ਕਾਨੂੰਨ ਅਨੁਸਾਰ ਸਹੀ ਸੇਧ ਪ੍ਰਾਪਤ ਕਰਕੇ, ਮੁੱਦਾਲਾਹ ਦੇ ਵਿਰੁੱਧ ਲੱਗੇ ਹੋਏ ਦੋਸ਼ਾਂ ਸੰਬੰਧੀ ਉਸ ਨੂੰ ਦੋਸ਼ੀ ਠਹਿਰਾਉਣ ਦੀ ਨਾ ਦੋਸ਼ੀ ਠਹਿਰਾਉਣ ਨਾਲੋਂ ਵਧੇਰੇ ਸੰਭਾਵਨਾ ਹੈ। ਜਿਹੜਾ ਟੈਸਟ ਫੌਜਦਾਰੀ ਅਦਾਲਤਾਂ ਨੂੰ ਖੁੱਦ ਆਪ ਲਾਗੂ ਕਰਨਾ ਚਾਹੀਦਾ ਹੈ ਇਹ ਉਸ ਨਾਲੋਂ ਅਲੱਗ ਟੈਸਟ ਹੈ। ਅਦਾਲਤ ਨੂੰ ਸਿਰਫ ਤਾਂ ਹੀ ਦੋਸ਼ੀ ਠਹਿਰਾਉਣਾ ਚਾਹੀਦਾ ਹੈ ਜੇ ਉਹ ਪੱਕੇ ਤੌਰ ਤੇ ਸੰਤੁਸ਼ਟ ਹੈ ਕਿ ਮੁੱਦਾਲਾਹ ਕਸੂਰਵਾਰ ਹੈ।

**5.4** ਇਹ ਫੈਸਲਾ ਕਰਨ ਵਏਲੇ ਕਿ ਪੈਰਵੀ ਮੁਕੱਦਮੇ ਲਈ ਕਾਫੀ ਸਬੂਤ ਹਨ ਜਾਂ ਨਹੀਂ, ਸਰਕਾਰੀ ਵਕੀਲਾਂ ਨੂੰ ਫੈਸਲਾ ਕਰਨਾ ਪਵੇਗਾ ਕਿ ਕੀ ਉਹ ਸਬੂਤ ਵਰਤੇ ਜਾ ਸਕਦੇ ਹਨ ਅਤੇ ਵਿਸ਼ਵਾਸ਼ਯੋਗ ਹਨ। ਬਹੁਤੇ ਐਸੇ ਕੇਸ ਹੋਣਗੇ ਜਿਨ੍ਹਾਂ ਸੰਬੰਧੀ ਸਬੂਤ ਚਿੰਤਾਂ ਦਾ ਕਾਰਨ ਨਹੀਂ ਹੈ। ਪਰ ਐਸੇ ਕੇਸ ਵੀ ਹੋ ਸਕਦੇ ਹਨ ਜਿਨ੍ਹਾਂ ਸੰਬੰਧੀ ਸਬੂਤ ਏਨੇ ਮਜ਼ਬੂਤ ਨਹੀਂ ਜਿਨ੍ਹੇ ਪਹਿਲਾਂ ਪ੍ਰਤੀਤ ਹੋ ਰਹੇ ਸਨ। ਸਰਕਾਰੀ ਵਕੀਲਾਂ ਨੂੰ ਆਪਣੇ ਕੋਲੋਂ ਇਹ ਸਵਾਲ ਪੁਛਣੇ ਚਾਹੀਦੇ ਹਨ:

**ਕੀ ਅਦਾਲਤ ਵਿਚ ਇਹ ਸਬੂਤ ਕਰਤੇ ਜਾ ਸਕਦੇ ਹਨ?**

**a** ਕੀ ਇਸ ਸਬੂਤ ਨੂੰ ਅਦਾਲਤ ਵਲੋਂ ਨਾ ਮਨਜ਼ੂਰ ਕੀਤੇ ਜਾਣ ਦੀ ਸੰਭਾਵਨਾ ਹੈ? ਕੁੱਝ ਐਸੇ ਕਾਨੂੰਨੀ ਅਸੂਲ ਹਨ ਜਿਨ੍ਹਾਂ ਦੇ ਨਤੀਜੇ ਵਜੋਂ ਨਜ਼ਰ ਆ ਰਹੇ ਸੰਬੰਧਿਤ ਸਬੂਤ ਮੁਕੱਦਮੇ ਵਿਚ ਵਰਤੇ ਨਹੀਂ ਜਾ ਸਕਦੇ। ਉਦਾਹਰਨ ਵਜੋਂ, ਜਿਸ ਤਰ੍ਹਾਂ ਸਬੂਤ ਇਕੱਠਾ ਕੀਤਾ ਗਿਆ ਸੀ ਕੀ ਇਸ ਦੇ ਕਰਕੇ ਇਸ ਨੂੰ ਨਾਮਨਜ਼ੂਰ ਕਰਨ ਦੀ ਸੰਭਾਵਨਾ ਹੈ। ਜੇ ਹੈ, ਤਾਂ ਅਸਲੀਅਤ ਵਿਚ ਕੀ ਦੋਸ਼ ਸਿੱਧੀ ਲਈ ਹੋਰ ਕਾਫੀ ਸਬੂਤ ਮੌਜੂਦ ਹਨ?

**ਕੀ ਸਬੂਤ ਵਿਸ਼ਵਾਸ਼ਯੋਗ ਹੈ?**

**b** ਕੀ ਕੋਈ ਐਸੇ ਸਬੂਤ ਹਨ ਜਿਹੜੇ ਜੁਰਮ ਇਕਬਾਲ ਕਰਨ ਦੀ ਵਿਸ਼ਵਾਸ਼ਯੋਗਤਾ ਘਟਾਉਂਦੇ ਹਨ? ਕੀ ਵਿਸ਼ਵਾਸ਼ਯੋਗਤਾ ਐਸੇ ਤੱਤਾਂ ਜਿਸ ਤਰ੍ਹਾਂ ਕਿ ਮੁੱਦਾਲਾਹ ਦੀ ਉਮਰ, ਬੁੱਧੀ ਜਾਂ ਸੋਚ ਸਮਝਣ ਦੀ ਪਧਰ ਨਾਲ ਪ੍ਰਭਾਵਿਤ ਹੁੰਦੀ ਹੈ?

**c** ਮੁਦਾਲਾਹ ਨੇ ਕੀ ਸਪਸ਼ਟੀਕਰਨ ਦਿੱਤਾ ਹੈ? ਕੀ ਸਮੁੱਚੇ ਸਬੂਤ ਵਿਚ ਅਦਾਲਤ ਇਸ ਨੂੰ ਮੰਨਣਯੋਗ ਸਮਝੇਗੀ? ਕੀ ਇਸ ਦਾ ਸੱਚਾ ਅਤੇ ਸਹੀ ਸਪਸ਼ਟੀਕਰਨ ਹੈ?

**d** ਕੀ ਮੁਦਾਲਾਹ ਦੀ ਪਛਾਣ ਬਾਰੇ ਸਵਾਲ ਕਰਨ ਦੀ ਸੰਭਾਵਨਾ ਹੈ, ਕੀ ਇਸ ਬਾਰੇ ਸਬੂਤ ਕਾਫੀ ਮਜ਼ਬੂਤ ਹਨ?

**e** ਕੀ ਪੈਰਵੀ ਮੁਕੱਦਮੇ ਦੀ ਗਵਾਹ ਦੇ ਪਿਛੋਕੜ ਨਾਲ ਕਮਜ਼ੋਰ ਹੋਣ ਦੀ ਸੰਭਾਵਨਾ ਹੈ? ਉਦਾਹਰਨ ਵਜੋਂ, ਕੀ ਗਵਾਹ ਦਾ ਕੋਈ ਐਸਾ ਮਨੋਰਥ ਹੈ ਜਿਸ ਨਾਲ ਉਸ ਦਾ ਮੁਕੱਦਮੇ ਪ੍ਰਤੀ ਰਵੱਈਆ ਪ੍ਰਭਾਵਿਤ ਹੋ ਸਕਦਾ ਹੈ, ਜਾਂ ਪਹਿਲਾਂ ਕੋਈ ਸੰਬੰਧਤ ਦੋਸ਼ ਸਿਧੀ ਹੈ?

**f** ਕੀ ਗਵਾਹ ਦੇ ਸਹੀ ਹੋਣ ਜਾਂ ਮੰਨਣਯੋਗਤਾ ਬਾਰੇ ਕੋਈ ਚਿੰਤਾਵਾਂ ਹਨ? ਕੀ ਇਹ ਚਿੰਤਾਵਾਂ ਸਬੂਤ ਉਪਰ ਅਧਾਰਤ ਹਨ ਜਾਂ ਸਿਰਫ ਬੇਬੁਨਿਆਦ ਜਾਣਕਾਰੀ ਉਪਰ ਅਧਾਰਤ ਹਨ? ਕੀ ਕੋਈ ਵਧੇਰੇ ਸਬੂਤ ਹਨ ਜਿਨ੍ਹਾਂ ਨੂੰ ਲੱਭਣ ਲਈ ਪੁਲਿਸ ਨੂੰ ਬੇਨਤੀ ਕਰਨੀ ਚਾਹੀਦੀ ਹੈ ਜਿਹੜੀ ਗਵਾਹ ਵਲੋਂ ਦਿੱਤੀ ਗਈ ਜਾਣਕਾਰੀ ਦਾ ਸਮਰਥਨ ਕਰੇਗੀ ਜਾਂ ਵਿਸ਼ਵਾਸ਼ਯੋਗਤਾ ਨੂੰ ਘਟਾਵੇਗੀ?

**5.5** ਸਰਕਾਰੀ ਵਕੀਲਾਂ ਨੂੰ ਇਸ ਕਰਕੇ ਸਬੂਤ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਕਿਉਂਕਿ ਉਨ੍ਹਾਂ ਨੂੰ ਪੱਕੇ ਤੌਰ ਤੇ ਨਹੀਂ ਪਤਾ ਕਿ ਇਹ ਵਰਤੀ ਜਾ ਸਕਦੀ ਹੈ ਜਾਂ ਵਿਸ਼ਵਾਸ਼ਯੋਗ ਹੈ ਜਾਂ ਨਹੀਂ। ਪਰ ਇਨ੍ਹਾਂ ਨੂੰ ਇਸ ਸਬੂਤ ਵਲ ਧਿਆਨ ਨਾਲ ਵਿਚਾਰਨਾ ਚਾਹੀਦਾ ਹੈ ਜਿਸ ਵੇਲੇ ਇਹ ਫੈਸਲਾ ਕਰ ਰਹੇ ਹੋਣ ਕਿ ਦੋਸ਼ ਸਿਧੀ ਦੀ ਕਾਫੀ ਸੰਭਾਵਨਾ ਹੈ ਜਾਂ ਨਹੀਂ।

**ਜਨਤਕ ਹਿੱਤ ਦੇ ਪੜਾਅ**

**5.6** 1951 ਵਿਚ, ਲੌਰਡ ਸ਼ੌਹਕਰੌਦ ਜਿਹੜਾ ਉਸ ਵੇਲੇ ਅਟਰਨੀ ਜਨਰਲ ਸੀ, ਜਨਤਕ ਹਿੱਤ ਬਾਰੇ ਸਰੇਸ਼ਟ ਬਿਆਨ ਦਿੱਤਾ ਸੀ, ਜਿਸ ਦੀ ਹਮਾਇਤ ਹੁਣ ਤਕ ਅਟਰਨੀ ਜਨਰਲ ਕਰ ਰਹੇ ਹਨ: "ਇਸ ਦੇਸ਼ ਵਿਚ ਕਦੀ ਵੀ ਇਹ ਨਿਯਮ ਨਹੀਂ ਲਾਗੂ ਹੋਇਆ - ਮੈਂ ਆਸ ਕਰਦਾ ਹਾਂ ਕਿ ਇਹ ਕਦੀ ਹੋਵੇਗਾ ਵੀ ਨਹੀਂ - ਕਿ ਸ਼ੱਕੀ ਫੌਜਦਾਰੀ ਜੁਰਮਾਂ ਵਿਰੁਧ ਆਪਣੇ ਆਪ ਹੀ ਪੈਰਵੀ ਮੁਕੱਦਮਾ ਚਲਾਇਆ ਜਾਵੇ"। (ਹਾਊਸ ਔਫ ਕੌਮਨਜ਼ ਡੀਬੇਟਸ, ਪ੍ਰਕਾਸ਼ਤ 483, ਕੌਲਮ 681, 29 ਜਨਵਰੀ 1951)।

**5.7** ਜਨਤਕ ਹਿੱਤ ਨੂੰ ਹਰ ਇਕ ਕੇਸ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ ਜਿਥੇ ਦੋਸ਼ ਸਿਧੀ ਕਰਨ ਲਈ ਕਾਫੀ ਸਬੂਤ ਮੌਜੂਦ ਹੋਵੇ। ਭਾਵੇਂ ਕਿਸੇ ਵਿਸ਼ੇਸ਼ ਕੇਸ ਵਿਚ ਪੈਰਵੀ ਮੁਕੱਦਮਾ ਕਰਨ ਵਿਰੁਧ ਜਨਤਕ ਹਿੱਤ ਦੇ ਤੱਤ ਮੌਜੂਦ ਹੋਣ, ਬਹੁਤੀ ਵਾਰੀ ਪੈਰਵੀ ਮੁਕੱਦਮਾ ਚੱਲਣਾ ਚਾਹੀਦਾ ਹੈ ਅਤੇ ਉਨ੍ਹਾਂ ਤੱਤਾਂ ਨੂੰ ਸਜ਼ਾ ਦੇਣ ਵੇਲੇ ਅਦਾਲਤ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਜੇ ਪੈਰਵੀ ਮੁਕੱਦਮਾ ਚਲਾਉਣ ਵਿਰੁਧ ਚਲਾਉਣ ਨਾਲੋਂ ਵਧੇਰੇ ਵਜਨਦਾਰ ਤੱਤ ਮੌਜੂਦ ਹੋਣ ਜਾਂ ਕੇਸ ਦੇ ਸਾਰੇ ਹਾਲਾਤਾਂ ਵਿਚ ਵਿਅਕਤੀ ਖਿਲਾਫ ਪੈਰਵੀ ਮੁਕੱਦਮਾ ਨਾ ਚਲਾਉਣਾ ਉਚਿਤ ਹੋਵੇ, ਤਾਂ ਆਮ ਤੌਰ ਤੇ ਪੈਰਵੀ ਮੁਕੱਦਮਾ ਚਲਾਇਆ ਜਾਵੇਗਾ (ਹੇਠਾਂ ਭਾਗ 8 ਦੇਖੋ)।

**5.8** ਸਰਕਾਰੀ ਵਕੀਲਾਂ ਨੂੰ ਪੈਰਵੀ ਮੁਕੱਦਮਾ ਚਲਾਉਣ ਜਾਂ ਨਾ ਚਲਾਉਣ ਦੇ ਤੱਤਾਂ ਦੀ ਤੁਲਨਾ ਧਿਆਨ ਅਤੇ ਨਿਆਂਕਾਰੀ ਢੰਗ ਨਾਲ ਕਰਨੀ ਚਾਹੀਦੀ ਹੈ। ਜਨਤਕ ਹਿੱਤ ਦੇ ਤੱਤ ਜਿਨ੍ਹਾਂ ਦਾ ਪ੍ਰਭਾਵ ਪੈਰਵੀ ਮੁਕੱਦਮੇ ਬਾਰੇ ਫੈਸਲੇ ਉਪਰ ਪੈ ਸਕਦਾ ਹੈ ਉਹ ਆਮ ਤੌਰ ਤੇ ਅਪਰਾਧ ਦੀ ਗੰਭੀਰਤਾ ਜਾਂ ਸ਼ੱਕੀ ਵਿਅਕਤੀ ਦੇ ਹਾਲਾਤਾਂ ਉਪਰ ਨਿਰਭਰ ਹੁੰਦਾ ਹੈ। ਕੁਝ ਤੱਤ ਪੈਰਵੀ ਮੁਕੱਦਮਾ ਕਰਨ ਦੀ ਲੋੜ ਨੂੰ ਵਧਾ ਸਕਦੇ ਹਨ ਪਰ ਦੂਸਰੇ ਤੱਤ ਹੋਰ ਕਾਰਵਾਈ ਕਰਨ ਦਾ ਸੰਕੇਤ ਹੋ ਸਕਦੇ ਹਨ।

**ਹੇਠਲ ਕੁੱਝ ਜਨਤਕ ਹਿੱਤਾਂ ਨੂੰ ਸੂਚੀਬੱਧ ਕੀਤਾ ਹੈ, ਪੈਰਵੀ ਮੁਕੱਦਮੇ ਦੇ ਪੱਖ ਅਤੇ ਇਸ ਦੇ ਵਿਰੁਧ। ਇਹ ਸੰਪੂਰਨ ਨਹੀਂ ਹਨ। ਲਾਗੂ ਹੋਣ ਵਾਲੇ ਤੱਤ ਹਰ ਇਕ ਮੁਕੱਦਮੇ ਦੇ ਤੱਤਾਂ ਉਪਰ ਨਿਰਭਰ ਹਨ।**

**ਪੈਰਵੀ ਮੁਕੱਦਮੇ ਦੇ ਪੱਖ ਵਿਚ ਕੁਝ ਜਨਤਕ ਹਿੱਤਾਂ ਦੇ ਤੱਤ।**

**5.9** ਜਿਨ੍ਹਾਂ ਜ਼ਿਆਦਾ ਸੰਗੀਨ ਅਪਰਾਧ ਹੋਵੇ, ਉਨ੍ਹੀ ਹੀ ਵਧੇਰੇ ਜਨਤਕ ਹਿੱਤ ਵਿਚ ਪੈਰਵੀ ਮੁਕੱਦਮੇ ਦੀ ਸੰਭਾਵਨਾ ਹੋਵੇਗੀ। ਪੈਰਵੀ ਮੁਕੱਦਮੇ ਦੀ ਸੰਭਾਵਨਾ ਹੋਵੇਗੀ ਜੈ:

**a** ਜੇ ਦੋਸ਼ ਸਿੱਧ ਹੋਣ ਤੇ ਕਾਫੀ ਸਜ਼ਾ ਹੋਣ ਦੀ ਸੰਭਾਵਨਾ ਹੈ,

**b** ਜੇ ਦੋਸ਼ ਸਿੱਧ ਹੋਣ ਤੇ ਕੁਰਕੀ ਜਾਂ ਹੋਰ ਕੋਈ ਹੁਕਮ ਹੋਣ ਦੀ ਸੰਭਾਵਨਾ ਹੈ,

**c** ਅਪਰਾਧ ਕਰਨ ਵੇਲੇ ਹਥਿਆਰ ਦੀ ਵਰਤੋਂ ਕੀਤੀ ਗਈ ਹੋਵੇ ਜਾਂ ਹਿੰਸਾ ਦੀ ਧਮਕੀ ਦਿੱਤੀ ਗਈ ਹੋਵੇ,

**d** ਜਨਤਾ ਦੀ ਸੇਵਾ ਕਰ ਰਹੇ ਵਿਅਕਤੀ ਵਿਰੁਧ ਅਪਰਾਧ ਕੀਤਾ ਗਿਆ ਹੋਵੇ (ਉਦਾਹਰਨ ਵਜੋਂ, ਪੁਲਿਸ ਜੇ ਜੇਲ੍ਹ ਅਫ਼ਸਰ ਜਾਂ ਨਰਸ),

**e** ਮੁਦਾਲਾਹ ਕੋਈ ਔਹੁਦੇਦਾਰ ਜਾਂ ਵਿਸ਼ਵਾਸ਼ ਖੇਤਰ ਵਿਚ ਕੰਮ ਕਰਦਾ ਸੀ,

**f** ਸਬੂਤ ਤੋਂ ਸਾਬਤ ਹੋਵੇ ਕਿ ਮੁਦਾਲਾਹ ਵਿਦਰੋਹੀਆਂ ਦਾ ਸਰਦਾਰ ਹੈ ਜਾਂ ਇਸ ਨੇ ਅਪਰਾਧ ਦਾ ਪ੍ਰਬੰਧ ਕੀਤਾ ਸੀ,

**g** ਸਬੂਤ ਹੈ ਕਿ ਅਪਰਾਧ ਕਰਨ ਦਾ ਪਹਿਲਾਂ ਹੀ ਪ੍ਰਬੰਧ ਕੀਤਾ ਗਿਆ ਸੀ,

**h** ਸਬੂਤ ਹੈ ਕਿ ਇਕ ਟੋਲੀ ਨੇ ਇਹ ਅਪਰਾਧ ਕੀਤਾ ਸੀ,

**i** ਜੁਰਮ ਦਾ ਸ਼ਿਕਾਰ ਨਿਰਬਲ ਸੀ, ਉਸ ਨੂੰ ਕਾਫੀ ਡਰਾਇਆ ਗਿਆ ਜਾਂ ਨਿੱਜੀ ਤੌਰ ਤੇ ਉਸ ਉਪਰ ਹਮਲਾ ਕੀਤਾ ਗਿਆ, ਨੁਕਸਾਨ ਜਾਂ ਘਬਰਾਹਟ ਪੈਦਾ ਕੀਤੀ ਗਈ ਹੋਵੇ,

**j** ਅਪਰਾਧ ਬੱਚੇ ਦੀ ਮੌਜੂਦਗੀ ਜਾਂ ਨੇੜੇ ਕੀਤਾ ਗਿਆ ਹੋਵੇ,

**k** ਅਪਰਾਧ ਦੇ ਸ਼ਿਕਾਰ ਦੇ ਨਸਲੀ ਜਾਂ ਰਾਸ਼ਟਰੀ ਮੂਲ, ਅੰਗਹੀਣਤਾ, ਲਿੰਗ, ਧਾਰਮਿਕ ਵਿਸ਼ਵਾਸ਼ ਸਿਆਸੀ ਵਿਚਾਰਾਂ ਜਾਂ ਲਿੰਗੀ ਢਿਲਾ ਕਰਕੇ ਕਿਸੇ ਕਿਸਮ ਦੇ ਵੀ ਵਿਤਕਰੇ ਕਾਰਨ ਅਪਰਾਧ ਪ੍ਰੇਰਤ ਕੀਤਾ ਗਿਆ ਹੋਵੇ ਜਾਂ ਦੋਸ਼ੀ ਨੇ ਅਪਰਾਧ ਦੇ ਸ਼ਿਕਾਰ ਵਿਰਧੁ ਇਨ੍ਹਾਂ ਵਿਚੋਂ ਕਿਸੇ ਵੀ ਲੱਛਣਾਂ ਤੇ ਅਧਾਰਿਤ ਵੈਰ ਭਾਵ ਪ੍ਰਗਟ ਕੀਤਾ ਹੋਵੇ,

**l** ਜੇ ਮੁਦਾਲਾਹ ਜਾਂ ਅਪਰਾਧ ਦੇ ਸ਼ਿਕਾਰ ਦੀ ਅਸਲੀ ਜਾਂ ਮਾਨਸਿਕ ਉਮਰ ਵਿਚਕਾਰ ਕਾਫੀ ਅੰਤਰ ਹੋਵੇ ਜਾਂ ਜੇ ਕੋਈ ਖਰਾਬੀ ਦਾ ਤੱਤ ਹੋਵੇ,

**m** ਮੌਜੂਦਾ ਅਪਰਾਧ ਨਾਲ ਮੁੱਦਾਲਾਹ ਦੀਆਂ ਪਹਿਲੀਆਂ ਦੋਸ਼ ਸਿੱਧੀਆਂ ਜਾਂ ਚਿਤਾਵਨੀਆਂ ਸੰਬੰਧਿਤ ਹਨ,

**n** ਮੁੱਦਾਲਾਹ ਵਿਰੁਧ ਇਲਜ਼ਾਮ ਹੈ ਕਿ ਉਸ ਨੇ ਅਦਾਲਤੀ ਹੁਕਮ ਦੌਰਾਨ ਇਹ ਅਪਰਾਧ ਕੀਤਾ ਸੀ,

**o** ਇਹ ਸੋਚਣ ਦੇ ਉਚਿੱਤ ਆਧਾਰ ਹਨ ਕਿ ਇਹ ਅਪਰਾਧ ਜਾਰੀ ਰੱਖਿਆ ਜਾਂ ਦੁਹਰਾਇਆ ਜਾਵੇਗਾ, ਉਦਾਹਰਨ ਵਜੋਂ, ਇਸ ਤਰ੍ਹਾਂ ਦੁਹਰਾਉਣ ਦੇ ਰਵਈਏ ਕਰਕੇ,

**p** ਇਹ ਅਪਰਾਧ, ਬੇਸ਼ੱਕ ਸੰਗੀਨ ਨਹੀਂ, ਜਿਸ ਇਲਾਕੇ ਵਿਚ ਕੀਤਾ ਗਿਆ ਸੀ ਉੱਥੇ ਕਾਫੀ ਗਿਣਤੀ ਵਿਚ ਹੋ ਰਿਹਾ ਹੈ, ਜਾਂ

**q** ਪੈਰਵੀ ਮੁਕੱਦਮੇ ਨਾਲ ਭਾਈਚਾਰੇ ਦਾ ਵਿਸ਼ਵਾਸ਼ ਕਾਇਮ ਰੱਖਣ ਵਿਚ ਕਾਫੀ ਉਸਾਰੂ ਪ੍ਰਭਾਵ ਪਵੇਗਾ।

**ਪੈਰਵੀ ਮੁਕੱਦਮੇ ਚਲਾਉਣ ਵਿਰੁਧ ਕੁਝ ਜਨਤਕ ਹਿੱਤਾਂ ਦੇ ਤੱਤ**

**5.10** ਪੈਰਵੀ ਮੁਕੱਦਮੇ ਚਲਾਉਣ ਦੀ ਘੱਟ ਸੰਭਾਵਨਾ ਹੋਵੇਗੀ ਜੇ:

**a** ਜੇ ਅਦਾਲਤ ਦੇ ਨਾ ਮਾਤਰ ਸਜ਼ਾ ਦੇਣ ਦੀ ਸੰਭਾਵਨਾ ਹੈ,

**b** ਜੇ ਕਿਸੇ ਵਿਸ਼ੇਸ਼ ਅਪਰਾਧ ਲਈ ਪੈਰਵੀ ਮੁਕੱਦਮਾ ਚਲਾਉਣ ਦੀ ਜ਼ਰੂਰਤ ਨਾ ਹੋਵੇ ਜਾਂ ਮੁਦਾਲਾਹ ਕਿਸੇ ਅਪਰਾਧ ਨੂੰ ਵਿਚਾਰ ਅਧੀਨ ਕਰਨ ਦੀ ਇਜਾਜ਼ਤ ਵਾਪਸ ਨਾ ਲਵੇ ਤਾਂ ਮੁਦਾਲਾਹ ਨੂੰ ਪਹਿਲਾਂ ਹੀ ਸਜ਼ਾ ਜਾਂ ਹੋਰ ਹੁਕਮ ਦੇਣ ਦੀ ਸੰਭਾਵਨਾ ਨਹੀਂ ਹੈ।

**c** ਅਪਰਾਧ ਅਸਲੀ ਗਲਤੀ ਜਾਂ ਭੁਲੇਖੇ ਕਰਕੇ ਕੀਤਾ ਗਿਆ ਸੀ (ਇਨ੍ਹਾਂ ਤੱਤਾਂ ਦੀ ਤੁਲਨਾ ਅਪਰਾਧ ਦੀ ਗੰਭੀਰਤਾ ਨਾਲ ਕਰਨੀ ਚਾਹੀਦੀ ਹੈ),

**d** ਘਾਟੇ ਜਾਂ ਨੁਕਸਾਨ ਨੂੰ ਮਾਮੂਲੀ ਆਖਿਆ ਜਾ ਸਕਦਾ ਹੈ ਅਤੇ ਇਕ ਘਟਨਾ ਦੇ ਨਤੀਜੇ ਵਜੋਂ ਹੋਇਆ ਸੀ, ਖਾਸ ਤੌਰ ਤੇ ਜੇ ਇਹ ਗਲਤ ਫੈਸਲੇ ਕਰਕੇ ਹੋਇਆ ਸੀ,

**e** ਅਪਰਾਧ ਹੋਣ ਤੋਂ ਬਾਅਦ ਅਤੇ ਮੁਕੱਦਮੇ ਦੀ ਤਾਰੀਖ ਵਿਚਕਾਰ ਬਹੁਤ ਲੰਮ੍ਹਾਂ ਸਮਾਂ ਹੋ ਗਿਆ ਹੈ, ਇਨ੍ਹਾਂ ਨੂੰ ਛੱਡ ਕੇ:

- ਅਪਰਾਧ ਸੰਗੀਨ ਹੋਵੇ,
- ਦੇਰ ਕੁਝ ਹਿੱਸੇ ਵਜੋਂ ਮੁਦਾਲਾਹ ਨੇ ਕੀਤੀ ਹੈ,
- ਇਸ ਅਪਰਾਧ ਬਾਰੇ ਥੋੜ੍ਹਾ ਸਮਾਂ ਪਹਿਲਾਂ ਹੀ ਪਤਾ ਲੱਗਾ ਹੈ, ਜਾਂ

• ਅਪਰਾਧ ਗੁੰਝਲਦਾਰ ਹੋਣ ਕਰਕੇ ਲੰਮੀ ਜਾਂਚ ਪੜਤਾਲ ਕੀਤੀ ਗਈ ਹੈ,

**f** ਹਰ ਵੇਲੇ ਅਪਰਾਧ ਦੀ ਗੰਭੀਰਤਾ ਨੂੰ ਵਿਚਾਰ ਅਧੀਨ ਕਰਦੇ ਹੋਏ, ਪੈਰਵੀ ਮੁਕੱਦਮੇ ਦਾ ਅਪਰਾਧ ਦੇ ਸ਼ਿਕਾਰ ਉਪਰ ਜਿਸਮਾਨੀ ਜਾਂ ਮਾਨਸਿਕ ਤੰਦਰੁਸਤੀ ਉਪਰ ਮਾੜੇ ਪ੍ਰਭਾਵ ਪੈਣ ਦੀ ਸੰਭਾਵਨਾ ਹੈ,

**g** ਜੇ ਇਹ ਅਪਰਾਧ ਗੰਭੀਰ ਨਹੀਂ ਜਾਂ ਇਸ ਦੇ ਦੁਬਾਰਾ ਕੀਤੇ ਜਾਣ ਦੀ ਸੰਭਾਵਨਾ ਨਹੀਂ ਮੁਦਾਲਾਹ ਬਜ਼ੁਰਗ ਹੈ ਜਾਂ ਹੁਣ ਹੈ, ਜਾਂ ਅਪਰਾਧ ਕਰਨ ਵੇਲੇ ਕਾਫੀ ਮਾਨਸਿਕ ਜਾਂ ਜਿਸਮਾਨੀ ਰੋਗ ਨਾਲ ਪੀੜਤ ਸੀ। ਕਰਾਊਨ ਪ੍ਰੌਸੀਕਿਊਸ਼ਨ ਸਰਵਿਸ, ਜਿਥੇ ਜ਼ਰੂਰੀ ਹੋਵੇ, ਮਾਨਸਿਕ ਰੋਗਾਂ ਨਾਲ ਪੀੜਤ ਅਪਰਾਧੀਆਂ ਨਾਲ ਨਜਿਠਣ ਲਈ ਹੋਮ ਔਫਿਸ ਰਹਿਨੁਮਾਈ ਲਾਗੂ ਕਰਦੀ ਹੈ। ਸਰਕਾਰੀ ਵਕੀਲ ਉਸ ਮੁਦਾਲਾਹ ਜਿਹੜਾ ਕਾਫੀ ਮਾਨਸਿਕ ਜਾਂ ਜਿਸਮਾਨੀ ਰੋਗਾਂ ਨਾਲ ਪੀੜਤ ਹੋਵੇ ਦੇ ਵਿਰੁਧ ਨਾ ਪੈਰਵੀ ਮੁਕੱਦਮਾ ਚਲਾਉਣ ਦੀ ਤੁਲਨਾ ਸਧਾਰਨ ਜਨਤਾ ਨੂੰ ਸੁਰੱਖਿਅਤ ਰੱਖਣ ਦੀ ਲੋੜ ਨਾਲ ਕਰਨੀ ਚਾਹੀਦੀ ਹੈ,

**h** ਮੁਦਾਲਾਹ ਨੇ ਘਾਟਾ ਅਤੇ ਨੁਕਸਾਨ ਪੂਰਾ ਕਰ ਦਿੱਤਾ ਹੈ (ਪਰ ਮੁਦਾਲਾਹ ਦੇ ਵਿਰੁਧ ਪੈਰਵੀ ਮੁਕੱਦਮਾ ਉਸ ਦੇ ਮੁਆਵਜ਼ਾ ਦੇਣ ਕਰਕੇ ਹੀ ਨਹੀਂ ਖਤਮ ਕਰਨਾ ਚਾਹੀਦਾ), ਜਾਂ

**i** ਜਾਣਕਾਰੀ ਸੂਤਰਾਂ ਅੰਤਿਰਰਾਸ਼ਟਰੀ ਨਾਤਿਆਂ ਜਾਂ ਰਾਸ਼ਟਰੀ ਸੁਰੱਖਿਆ ਦੇ ਨੁਕਸਾਨ ਕਰਨ ਵਾਲੇ ਵੇਰਵੇ ਜਨਤਾ ਵਿਚ ਪ੍ਰਗਟ ਕੀਤੇ ਜਾ ਸਕਦੇ ਹਨ।

**5.11** ਦੋਹਾਂ ਪੱਖਾਂ ਵਿਚ ਤੱਤਾਂ ਦੀ ਗਿਣਤੀ ਕਰਨ ਨਾਲ ਹੀ ਨਹੀਂ ਜਨਤਕ ਹਿੱਤ ਬਾਰੇ ਫੈਸਲਾ ਕੀਤਾ ਜਾ ਸਕਦਾ ਹੈ। ਸਰਕਾਰੀ ਵਕੀਲਾਂ ਨੂੰ ਹਰ ਇਕ ਕੇਸ ਦੇ ਹਾਲਾਤਾਂ ਹਰ ਇਕ ਤੱਤ ਦੀ ਮਹੱਤਤਾ ਬਾਰੇ ਫੈਸਲਾ ਕਰਕੇ ਸਮੁੱਚਾ ਮੁਲਾਂਕਣ ਕਰਨਾ ਚਾਹੀਦਾ ਹੈ।

### ਅਪਰਾਧ ਦੇ ਸ਼ਿਕਾਰ ਅਤੇ ਜਨਤਕ ਹਿੱਤ ਦੇ ਸੰਬੰਧ

**5.12** ਜਿਸ ਤਰ੍ਹਾਂ ਵਕੀਲ ਆਪਣੇ ਮੁਵੱਕਲਾਂ ਦੀ ਨੁਮਾਇੰਦਗੀ ਕਰਦੇ ਹਨ ਉਸ ਤਰ੍ਹਾਂ ਕਰਾਊਨ ਪ੍ਰੌਸੀਕਿਊਸ਼ਨ ਸਰਵਿਸ ਅਪਰਾਧ ਦੇ ਸ਼ਿਕਾਰਾਂ ਜਾਂ ਉਨ੍ਹਾਂ ਦੇ ਪਰਵਾਰਾਂ ਦੀ ਨੁਮਾਇੰਦਗੀ ਨਹੀਂ ਕਰਦੇ। ਸਰਕਾਰੀ ਵਕੀਲ ਕਿਸੇ ਖਾਸ ਵਿਅਕਤੀ ਦੇ ਹਿੱਤਾਂ ਲਈ ਹੀ ਨਹੀਂ ਨੁਮਾਇੰਦਗੀ ਕਰਦੇ ਬਲਕਿ ਜਨਤਕ ਦੀ ਨੁਮਾਇੰਦਗੀ ਕਰਦੇ ਹਨ। ਜਨਤਕ ਹਿੱਤ ਬਾਰੇ ਵਿਚਾਰ ਕਰਨ ਵੇਲੇ, ਸਰਕਾਰੀ ਵਕੀਲਾਂ ਨੂੰ ਅਪਰਾਧ ਦੇ ਸ਼ਿਕਾਰ ਲਈ ਪੈਰਵੀ ਮੁਕੱਦਮਾ ਕਰਨ ਜਾਂ ਨਾ ਕਰਨ ਦੇ ਨਤੀਜਿਆਂ ਅਤੇ ਅਪਰਾਧ ਦੇ ਸ਼ਿਕਾਰ ਜਾਂ ਉਸ ਦੇ ਪਰਵਾਰ ਦੀ ਰਾਏ ਉਪਰ ਹਮੇਸ਼ਾਂ ਹੀ ਵਿਚਾਰ ਕਰਨਾ ਚਾਹੀਦਾ ਹੈ। ਫਿਰ ਵੀ, ਫੈਸਲਾ ਕਰਨਾ ਸਰਕਾਰੀ ਵਕੀਲ ਦੀ ਜ਼ੁੰਮੇਵਾਰੀ ਹੈ।

**5.13** ਇਹ ਜ਼ਰੂਰੀ ਹੈ ਕਿ ਜਿਸ ਕੇਸ ਨਾਲ ਅਪਰਾਧ ਦਾ ਸ਼ਿਕਾਰ ਸੰਬੰਧਤ ਹੈ ਉਸ ਕੇਸ ਬਾਰੇ ਕੀਤੇ ਗਏ ਮਹੱਤਵਪੂਰਨ ਫੈਸਲੇ ਬਾਰੇ ਉਸ ਨੂੰ ਦੱਸਣਾ ਜ਼ਰੂਰੀ ਹੈ। ਸਰਕਾਰੀ ਵਕੀਲਾਂ ਨੂੰ ਇਹ ਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਉਹ ਮਨਜ਼ੂਰ ਸੁਦਾ ਕਾਰਵਾਈਆਂ ਦੀ ਪਾਲਨਾ ਕਰਨ।

## 6 ਦਾ ਥਰੈਸ਼ਹੋਲਡ ਟੈਸਟ

**6.1** ਦਾ ਥਰੈਸ਼ਹੋਲਡ ਟੈਸਟ ਸਰਕਾਰੀ ਵਕੀਲਾਂ ਤੋਂ ਇਹ ਮੰਗ ਕਰਦਾ ਹੈ ਕਿ ਉਹ ਇਹ ਫੈਸਲਾ ਕਰਨ ਕਿ ਸ਼ੱਕੀ ਵਿਅਕਤੀ ਦੇ ਅਪਰਾਧ ਕਰਨ ਬਾਰੇ ਜਾਇਜ਼ ਸ਼ੱਕ ਹੈ ਜਾਂ ਨਹੀਂ ਅਤੇ ਜੇ ਹੈ, ਤਾਂ ਉਸ ਦੇ ਵਿਰੁਧ ਦੋਸ਼ ਅਰੋਪਣ ਕਰਨਾ ਜਨਤਕ ਹਿੱਤ ਵਿਚ ਹੈ ਜਾਂ ਨਹੀਂ।

**6.2** ਦਾ ਥਰੈਸ਼ਹੋਲਡ ਟੈਸਟ ਸਿਰਫ ਉਨ੍ਹਾਂ ਕੇਸਾਂ ਉਪਰ ਹੀ ਲਾਗੂ ਹੁੰਦਾ ਹੈ ਜਿਨ੍ਹਾਂ ਵਿਚ ਦੋਸ਼ ਅਰੋਪਣ ਤੋਂ ਬਾਅਦ ਸ਼ੱਕੀ ਵਿਅਕਤੀ ਨੂੰ ਜ਼ਮਾਨਤ ਤੇ ਛੱਡਣਾ ਉਚਿੱਤ ਨਾ ਹੋਵੇ, ਪਰ ਫੁੱਲ ਕੋਡ ਟੈਸਟ ਨੂੰ ਲਾਗੂ ਕਰਨ ਲਈ ਹਾਲੇ ਸਬੂਤ ਮੌਜੂਦ ਨਹੀਂ।

**6.3** ਸ਼ੱਕੀ ਵਿਅਕਤੀ ਨੂੰ ਪੁਲਿਸ ਹਿਰਾਸਤ ਵਿਚ ਕਿਨ੍ਹਾਂ ਸਮਾਂ ਰੱਖਿਆ ਜਾ ਸਕਦਾ ਹੈ ਉਪਰ ਕਾਨੂੰਨੀ ਹੱਦਾਂ ਹਨ ਜਿਨ੍ਹਾਂ ਅੰਦਰ ਸ਼ੱਕੀ ਵਿਅਕਤੀ ਨੂੰ ਰਿਹਾ ਕਰਨ ਜਾਂ ਉਸ ਉਪਰ ਦੋਸ਼ ਲਾਉਣ ਦਾ ਫੈਸਲਾ ਕਰਨਾ ਪਵੇਗਾ। ਕੁਝ ਕੇਸ ਹੋਣਗੇ ਜਿਨ੍ਹਾਂ ਵਿਚ ਹਿਰਾਸਤ ਵਿਚੋਂ ਸ਼ੱਕੀ ਵਿਅਕਤੀ ਨੂੰ ਜ਼ਮਾਨਤ ਤੇ ਰਿਹਾ ਕੀਤੇ ਜਾਣ ਨਾਲ ਕਾਫੀ ਖਤਰੇ ਪੈਦਾ ਹੁੰਦੇ ਹਨ, ਪਰ ਦੋਸ਼ ਅਰੋਪਣ ਦਾ ਫੈਸਲਾ ਕਰਨ ਵੇਲੇ ਹੋ ਸਕਦਾ ਹੈ ਕਿ ਕਾਫੀ ਸਬੂਤ ਮੌਜੂਦ ਨਾ ਹੋਣ। ਸਰਕਾਰੀ ਵਕੀਲ ਸੀਮਤ ਸਮੇਂ ਲਈ ਇਨ੍ਹਾਂ ਕੇਸਾਂ ਉਪਰ ਥਰੈਸ਼ਹੋਲਡ ਟੈਸਟ ਲਾਗੂ ਕਰਨਗੇ।

**6.4** ਹਰ ਇਕ ਕੇਸ ਵਿਚ ਸਬੂਤ ਦੇ ਫੈਸਲੇ ਕਰਨ ਲਈ ਕੁਝ ਤੱਤਾਂ ਬਾਰੇ ਵਿਚਾਰ ਕਰਨ ਦੀ ਲੋੜ ਹੋਵੇਗੀ ਜਿਨ੍ਹਾਂ ਵਿਚ ਇਹ ਵੀ ਸ਼ਾਮਲ ਹਨ:

- ਉਸ ਸਮੇਂ ਮੌਜੂਦ ਸਬੂਤ,
- ਵਧੇਰੇ ਸਬੂਤ ਅਤੇ ਕਿਸਮ ਮਿਲਣ ਦੀ ਸੰਭਾਵਨਾ,
- ਵਧੇਰੇ ਸਬੂਤ ਮਿਲਣ ਬਾਰੇ ਵਿਸ਼ਵਾਸ਼ ਕਰਨ ਦੀ ਉਚਿੱਤਤਾ,
- ਉਸ ਸਬੂਤ ਨੂੰ ਇਕੱਤਰ ਕਰਨ ਲਈ ਸਮਾਂ ਅਤੇ ਇਕੱਤਰ ਕਰਨ ਲਈ ਚੁੱਕੇ ਜਾ ਰਹੇ ਕਦਮ,
- ਇਸ ਕੇਸ ਉਪਰ ਸੰਭਾਵਿਤ ਸਬੂਤ ਦਾ ਪ੍ਰਭਾਵ,
- ਉਹ ਦੋਸ਼ ਜਿਨ੍ਹਾਂ ਦੀ ਸਬੂਤ ਪੁਸ਼ਟੀ ਕਰੇਗਾ।

**6.5** ਜਨਤਕ ਹਿੱਤ ਦਾ ਮਤਲਬ ਫੁੱਲ ਕੋਡ ਟੈਸਟ ਅਧੀਨ ਇਕੋ ਜਿਹਾ ਹੀ ਹੈ, ਪਰ ਦੋਸ਼ ਅਰੋਪਣ ਵੇਲੇ ਉਪਲੱਬਧ ਜਾਣਕਾਰੀ ਉਪਰ ਅਧਾਰਤ ਹੋਵੇਗਾ ਜਿਹੜੀ ਉਸ ਵੇਲੇ ਸੀਮਤ ਹੋਵੇਗੀ।

**6.6** ਦੋਸ਼ ਅਰੋਪਣ ਅਤੇ ਜ਼ਮਾਨਤ ਨਾ ਦੇਣ ਦੇ ਫੈਸਲੇ ਨੂੰ ਮੁੜ ਵਿਚਾਰ ਅਧੀਨ ਰੱਖਣਾ ਚਾਹੀਦਾ ਹੈ। ਇਹ ਨਿਸ਼ਚਿਤ ਕਰਨ ਲਈ ਕਿ ਦੋਸ਼ ਅਰੋਪਣ ਉਚਿਤ ਹੈ ਅਤੇ ਜ਼ਮਾਨਤ ਦਾ ਜਾਰੀ ਵਿਰੋਧ ਜਾਇਜ਼ ਹੈ ਇਕੱਤਰ ਕੀਤੇ ਹੋਏ ਸਬੂਤ ਦਾ ਨੇਮਬੱਧ ਮੁਲਾਂਕਣ ਜ਼ਰੂਰੀ ਹੈ। ਫੁੱਲ ਕੋਡ ਟੈਸਟ ਨੂੰ ਜਲਦੀ ਤੋਂ ਜਲਦੀ ਲਾਗੂ ਕਰਨਾ ਚਾਹੀਦਾ ਹੈ।

## 7 ਦੋਸ਼ਾਂ ਦੀ ਚੋਣ

**7.1** ਸਰਕਾਰੀ ਵਕੀਲਾਂ ਨੂੰ ਉਨ੍ਹਾਂ ਦੋਸ਼ਾਂ ਦੀ ਚੋਣ ਕਰਨੀ ਚਾਹੀਦੀ ਹੈ ਜਿਹੜੇ:

**a** ਅਪਰਾਧ ਕਰਨ ਦੀ ਗੰਭੀਰਤਾ ਅਤੇ ਹੱਦ ਪ੍ਰਗਟ ਕਰਨ,

**b** ਅਦਾਲਤ ਨੂੰ ਸਜ਼ਾ ਅਤੇ ਸਜ਼ਾ ਤੋਂ ਬਾਅਦ ਦੋਸ਼ੀ ਸਿੱਧੀ ਦੇ ਹੁਕਮ ਦੇਣ ਦੇ ਉਚਿੱਤ ਅਧਿਕਾਰ ਦੇਣ, ਅਤੇ

**c** ਦੋਸ਼ ਨੂੰ ਸਪਸ਼ਟ ਅਤੇ ਆਸਾਨ ਤਰੀਕੇ ਨਾਲ ਪੇਸ਼ ਕਰਨ ਯੋਗ ਬਣਾਵੇ।

ਇਸ ਦਾ ਮਤਲਬ ਹੈ ਕਿ ਇਹ ਜ਼ਰੂਰੀ ਨਹੀਂ ਕਿ ਸਰਕਾਰੀ ਵਕੀਲ ਜਿਨ੍ਹਾਂ ਕੇਸਾਂ ਵਿਚ ਚੋਣ ਹੋਵੇ ਉਨ੍ਹਾਂ ਵਿਚ ਸਭ ਤੋਂ ਗੰਭੀਰ ਦੋਸ਼ ਦੀ ਚੋਣ ਕਰਨ।

**7.2** ਸਰਕਾਰੀ ਵਕੀਲਾਂ ਨੂੰ ਕਦੀ ਵੀ ਜ਼ਰੂਰਤ ਨਾਲੋਂ ਵਧੇਰੇ ਦੋਸ਼ ਅਰੋਪਣ ਸਿਰਫ ਇਸ ਕਰਕੇ ਹੀ ਨਹੀਂ ਕਰਨੇ ਚਾਹੀਦੇ ਕਿ ਮੁਦਾਲਾਹ ਨੂੰ ਇਨ੍ਹਾਂ ਵਿਚੋਂ ਕੁਝ ਪ੍ਰਤੀ ਆਪਣਾ ਕਸੂਰ ਮੰਨਣ ਲਈ ਉਤਸ਼ਾਹਿਤ ਕੀਤਾ ਜਾ ਸਕੇ। ਏਸੇ ਹੀ ਤਰ੍ਹਾਂ ਸਰਕਾਰੀ ਵਕੀਲਾਂ ਨੂੰ ਵਧੇਰੇ ਗੰਭੀਰ ਦੋਸ਼ ਪ੍ਰਤੀ ਸਿਰਫ ਇਸ ਕਰਕੇ ਕਾਰਵਾਈ ਨਹੀਂ ਕਰਨੀ ਚਾਹੀਦੀ ਤਾਂ ਕਿ ਮੁਦਾਲਾਹ ਨੂੰ ਘੱਟ ਗੰਭੀਰ ਦੋਸ਼ ਪ੍ਰਤੀ ਕਸੂਰ ਮੰਨਣ ਲਈ ਉਤਸ਼ਾਹਿਤ ਕੀਤਾ ਜਾ ਸਕੇ।

**7.3** ਸਰਕਾਰੀ ਵਕੀਲਾਂ ਨੂੰ ਸਿਰਫ ਇਸ ਕਰਕੇ ਦੋਸ਼ ਤਬਦੀਲ ਨਹੀਂ ਕਰਨਾ ਚਾਹੀਦਾ ਕਿਉਂਕਿ ਅਦਾਲਤ ਜਾਂ ਮੁਦਾਲਾਹ ਨੇ ਮੁਕੱਦਮੇ ਦੀ ਸੁਣਵਾਈ ਦਾ ਥਾਂ ਬਦਲਿਆ ਹੈ।

## 8 ਪੈਰਵੀ ਮੁਕੱਦਮੇ ਤੋਂ ਮੋੜ

### ਬਾਲਗ

**8.1** ਇਹ ਫੈਸਲਾ ਕਰਨ ਵੇਲੇ ਕਿ ਕੇਸ ਦੀ ਕਾਰਵਾਈ ਅਦਾਲਤਾਂ ਵਿਚ ਹੋਈ ਚਾਹੀਦੀ ਹੈ ਕਿ ਨਹੀਂ, ਸਰਕਾਰੀ ਵਕੀਲਾਂ ਨੂੰ ਇਸ ਦੀ ਬਜਾਏ ਹੋਰ ਕਾਰਵਾਈ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਜਿਥੇ ਉਚਿਤ ਹੋਵੇ, ਉਥੇ ਉਚਿਤ ਮੁੜ ਬਹਾਲੀ, ਸੁਧਾਰ ਜਾਂ ਹਾਨਪੂਰਤੀ ਨਿਆਂਕਾਰੀ ਕਾਰਵਾਈ ਵਿਚਾਰੀ ਜਾ ਸਕਦੀ ਹੈ।

**8.2** ਬਾਲਗ ਸ਼ੱਕੀ ਵਿਅਕਤੀਆਂ ਵਿਰੁਧ ਪੈਰਵੀ ਮੁਕੱਦਮੇ ਦੀ ਬਜਾਏ ਹੋਰ ਕਾਰਵਾਈਆਂ ਵਿਚ ਸਧਾਰਨ ਚੇਤਾਵਨੀ ਅਤੇ ਸ਼ਰਤੀਆ ਚੇਤਾਵਨੀ ਸ਼ਾਮਲ ਹੈ।

### ਸਧਾਰਨ ਚੇਤਾਵਨੀ

**8.3** ਸਧਾਰਨ ਚੇਤਾਵਨੀ ਤਾਂ ਹੀ ਦੇਣੀ ਚਾਹੀਦੀ ਹੈ ਜੇ ਜਨਤਕ ਹਿੱਤ ਵਿਚ ਜਾਇਜ਼ ਹੋਵੇ ਅਤੇ ਹੋਮ ਔਫਿਸ ਦੀ ਰਹਿਨੁਮਾਈ ਅਨੁਸਾਰ ਹੋਣੀ ਚਾਹੀਦੀ ਹੈ। ਜਿਥੇ ਇਹ ਸਮਝਿਆ ਜਾਵੇ ਕਿ ਇਹ ਚੇਤਾਵਨੀ ਉਚਿਤ ਹੈ, ਤਾਂ ਸਰਕਾਰੀ ਵਕੀਲਾਂ ਨੂੰ ਪੁਲਿਸ ਨੂੰ ਇਤਲਾਹ ਦੇਣੀ ਚਾਹੀਦੀ ਹੈ ਤਾਂ ਕਿ ਉਹ ਸ਼ੱਕੀ ਵਿਅਕਤੀ ਨੂੰ ਚੇਤਾਵਨੀ ਦੇ ਸਕਣ। ਜੇ ਚੇਤਾਵਨੀ ਨਾ ਦਿੱਤੀ ਜਾਵੇ, ਕਿਉਂਕਿ ਸ਼ੱਕੀ ਵਿਅਕਤੀ ਮਨਜ਼ੂਰ ਨਹੀਂ ਕਰਦਾ ਤਾਂ ਕਿ ਸਰਕਾਰੀ ਵਕੀਲ ਇਸ ਕੇਸ ਉਪਰ ਦੁਬਾਰਾ ਮੁੜ ਵਿਚਾਰ ਕਰ ਸਕਦਾ ਹੈ।

### ਸ਼ਰਤੀਆ ਚੇਤਾਵਨੀ

**8.4** ਸ਼ਰਤੀਆ ਚੇਤਾਵਨੀ ਉਥੇ ਉਚਿਤ ਹੋ ਸਕਦੀ ਹੈ ਜਿਥੇ ਸਰਕਾਰੀ ਵਕੀਲ ਇਹ ਵਿਚਾਰ ਕਰੇ ਕਿ ਜਿਥੇ ਜਨਤਕ ਹਿੱਤ ਲਈ ਪੈਰਵੀ ਮੁਕੱਦਮਾ ਜਾਇਜ਼ ਹੈ, ਸ਼ੱਕੀ ਵਿਅਕਤੀ, ਅਪਰਾਧ ਦੇ ਸ਼ਿਕਾਰ ਅਤੇ ਭਾਈਚਾਰੇ ਦੇ ਹਿੱਤ ਸ਼ਾਇਦ ਸ਼ੱਕੀ ਵਿਅਕਤੀ ਦੇ ਉਚਿਤ ਸ਼ਰਤਾਂ ਪੂਰੀਆਂ ਕਰਨ ਨਾਲ ਜਿਨ੍ਹਾਂ ਦਾ ਟੀਚਾ ਮੁੜ ਬਹਾਲੀ ਜਾਂ ਹਾਨੀਪੂਰਤੀ ਹੋਵੇ ਨਾਲ ਪੂਰੇ ਕੀਤੇ ਜਾ ਸਕਦੇ ਹਨ, ਇਸ ਵਿਚ ਸੁਧਾਰ ਦੀਆਂ ਕਾਰਵਾਈਆਂ ਵੀ ਸ਼ਾਮਲ ਹਨ।

**8.5** ਸਰਕਾਰੀ ਵਕੀਲਾਂ ਨੂੰ ਸੰਤੁਸ਼ਟ ਹੋਣਾ ਚਾਹੀਦਾ ਹੈ ਕਿ ਦੋਸ਼ ਸਿਧੀ ਲਈ ਕਾਫੀ ਸਬੂਤ ਮੌਜੂਦ ਹਨ ਅਤੇ ਜੇ ਸ਼ਰਤੀਆ ਕੌਸ਼ਨ ਨਾਮਨਜ਼ੂਰ ਕੀਤੀ ਗਈ ਜਾਂ ਅਪਰਾਧੀ ਨੇ ਮੰਨੀਆਂ ਹੋਈਆਂ ਚੇਤਾਵਨੀ ਦੀਆਂ ਸ਼ਰਤਾਂ ਪੂਰੀਆਂ ਨਾ ਕੀਤੀਆਂ ਤਾਂ ਪੈਰਵੀ ਮੁਕੱਦਮਾ ਚਲਾਉਣਾ ਜਨਤਕ ਹਿੱਤ ਵਿਚ ਹੋਵੇਗਾ।

**8.6** ਆਪਣਾ ਫੈਸਲਾ ਕਰਨ ਲਗਿਆ, ਸਰਕਾਰੀ ਵਕੀਲਾਂ ਨੂੰ ਕਨਡੀਸ਼ਨਲ ਕੌਸ਼ਨ ਕੋਡ ਔਫ ਪਰੈਕਟਿਸ ਅਤੇ ਹੋਰ ਕੋਈ ਵੀ ਡਾਇਰੈਕਟਰ ਔਫ ਪਬਲਿਕ ਪ੍ਰੋਸੀਕਿਊਸ਼ਨ ਵਲੋਂ ਜਾਰੀ ਜਾਂ ਮਨਜ਼ੂਰ ਸ਼ੁਦਾ ਸ਼ਰਤੀਆ ਚੇਤਾਵਨੀ ਬਾਰੇ ਰਹਿਨੁਮਾਈ ਦੀ ਪੂਰਤੀ ਕਰਨੀ ਚਾਹੀਦੀ ਹੈ।

**8.7** ਜਿਥੇ ਸਰਕਾਰੀ ਵਕੀਲ ਸਮਝੇ ਕਿ ਸ਼ਰਤੀਆ ਚੇਤਾਵਨੀ ਉਚਿਤ ਹੈ, ਉਨ੍ਹਾਂ ਨੂੰ ਪੁਲਿਸ, ਇਤਲਾਹ ਦੇਣੀ ਚਾਹੀਦੀ ਜਾਂ ਸ਼ਰਤੀਆ ਚੇਤਾਵਨੀ ਦੇਣ ਵਾਲੀ ਹੋਰ ਅਥੌਰਿਟੀ ਨੂੰ ਇਤਲਾਹ ਦੇਣੀ ਚਾਹੀਦੀ ਹੈ ਨਾਲ ਉਚਿਤ ਸ਼ਰਤਾਂ ਦਾ ਸੰਕੇਤ ਦੇਣਾ ਚਾਹੀਦਾ ਹੈ ਤਾਂ ਕਿ ਸ਼ਰਤੀਆ ਚੇਤਾਵਨੀ ਦਿੱਤੀ ਜਾ ਸਕੇ।

### ਨੌਜਵਾਨ

**8.8** ਸਰਕਾਰੀ ਵਕੀਲਾਂ ਨੂੰ ਇਹ ਫੈਸਲਾ ਕਰਨ ਵੇਲੇ ਕਿ ਪੈਰਵੀ ਮੁਕੱਦਮਾ ਚਲਾਉਣਾ ਜਨਤਕ ਹਿੱਤ ਵਿਚ ਹੈ ਜਾਂ ਨਹੀਂ ਨੌਜਵਾਨ ਦੇ ਹਿੱਤਾਂ ਨੂੰ ਵਿਚਾਰ ਅਧੀਨ ਕਰਨਾ ਚਾਹੀਦਾ ਹੈ, ਪਰ ਅਰਕਾਰੀ ਵਕੀਲਾਂ ਨੂੰ ਸਿਰਫ ਮੁਦਾਲਾਹ ਦੀ ਉਮਰ ਕਰਕੇ ਹੀ ਪੈਰਵੀ ਮੁਕੱਦਮਾ ਚਲਾਉਣ ਤੋਂ ਪਰਹੇਜ ਨਹੀਂ ਕਰਨੀ ਚਾਹੀਦੀ। ਅਪਰਾਧ ਦੀ ਗੰਭੀਰਤਾ ਅਤੇ ਨੌਜਵਾਨ ਦਏ ਪਹਿਲਾਂ ਦਾ ਰਵਈਆ ਬਹੁਤ ਮਹੱਤਵਪੂਰਨ ਹੈ।

**8.9** ਮਿਵਾਏ ਇਸ ਦੇ ਕਿ ਅਪਰਾਧ ਏਨ੍ਹਾਂ ਗੰਭੀਰ ਹੋਵੇ ਕਿ ਇਨ੍ਹਾਂ ਵਿਚੋਂ ਕੋਈ ਵੀ ਉਚਿਤ ਨਹੀਂ ਸੀ ਜਾਂ ਨੌਜਵਅਨ ਅਪਰਾਧ ਕਰਨਾ ਮੰਨਦਾ ਨਹੀਂ, ਆਮ ਤੌਰ ਤੇ ਨੌਜਵਾਨ ਨਅਲ ਸੰਬੰਧਿਤ ਕੇਸ ਪੈਰਵੀ ਮੁਕੱਦਮੇ ਲਈ ਕਰਾਊਨ ਪ੍ਰੋਸੀਕਿਊਸ਼ਨ ਸਰਵਿਸ ਦਏ ਹਵਾਲੇ ਤਾਂ ਹੀ ਕੀਤੇ ਜਾਂਦੇ ਹਨ ਜੇ ਨੌਜਵਅਨ ਨੂੰ ਪਹਿਲਾਂ ਹੀ ਤਾੜਨਾ ਜਾਂ ਆਖਰੀ ਚੇਤਾਵਨੀ ਮਿਲ ਚੁੱਕੀ ਹੈ। ਤਾੜਨਾ ਅਤੇ ਅਅਖਰੀ ਚੇਤਾਵਨੀ ਦਾ ਮਕਸੱਦ ਦੁਬਾਰਾ ਅਪਰਾਧ ਹੋਣਾ ਰੋਕਅਨ ਹੈ ਅਤੇ ਇਹ ਹਕੀਕਤ ਕਿ ਹੋਰ ਅਪਰਾਧ ਕੀਤਾ ਗਿਆ ਹੈ ਦਾ ਮਤਲਬ ਹੈ ਕਿ ਆਦਾਲਤੀ ਵਿਵਸਥਾ ਵਿਚੋਂ ਨੌਜਵਅਨ ਨੂੰ ਬਾਹਰ ਰੱਖਣਾ ਦਾ ਉਪਰਾਲਾ ਸਫਲ ਨਹੀਂ ਹੋਇਆ। ਸਿਵਾਏ ਇਸ ਦੇ ਕਿ ਪੈਰਵੀ ਮੁਕੱਦਮਾ ਚਲਾਉਣ ਵਿਰੁਧ ਸਪਸ਼ਟ ਜਨਤਕ ਹਿੱਤ ਤੱਤ ਹੋਣ, ਤਾਂ ਆਮ ਤੌਰ ਤੇ ਇਨ੍ਹਾਂ ਕੇਸਾਂ ਵਿਚ ਆਮ ਤੌਰ ਤੇ ਜਨਤਕ ਹਿੱਤ ਪੈਰਵੀ ਮੁਕੱਦਮਾ ਚਲਾਉਣ ਦੀ ਮੰਗ ਕਰੇਗਾ।

## 9 ਮੁਕੱਦਮੇ ਦਾ ਢੰਗ

**9.1** ਕਰਾਊਨ ਪ੍ਰੋਸੀਕਿਊਸ਼ਨ ਸਰਵਿਸ ਉਨ੍ਹਾਂ ਮਜਿਸਟਰੇਟਾਂ ਲਈ ਮੌਜੂਦਾ ਰਹਿਨੁਮਾਈ ਲਾਗੂ ਕਰਦੀ ਹੈ ਜਿਨ੍ਹਾਂ ਨੂੰ ਇਹ ਫੈਸਲਾ ਕਰਨਾ ਪੈਂਦਾ ਹੈ ਕਿ ਮੁਕੱਦਮਾ ਕਰਾਊਨ ਕੋਰਟ ਵਿਚ ਚੱਲਣਾ ਚਾਹੀਦਾ ਹੈ ਜਾਂ ਨਹੀਂ। ਜਿਥੇ ਅਪਰਾਧ ਕਰਕੇ ਇਹ ਚੋਣ ਕੀਤੀ ਜਾ ਸਕੇ ਅਤੇ ਮੁਦਾਲਾਹ ਆਪਣਾ ਕਸੂਰ ਨਾ ਮੰਨੇ। ਸਰਕਾਰੀ ਵਕੀਲਾਂ ਨੂੰ ਕਰਾਊਨ ਕੋਰਟ ਵਿਚ ਮੁਕੱਦਮਾ ਚਲਾਉਣ ਦੀ ਸਿਫਾਰਿਸ਼ ਕਰਨੀ ਚਾਹੀਦੀ ਹੈ ਜੱਦ ਉਹ ਸੰਤੁਸ਼ਟ ਹੋਣ ਕਿ ਰਹਿਨੁਮਾਈ ਉਨ੍ਹਾਂ ਤੋਂ ਇਹ ਮੰਗ ਕਰਦੀ ਹੈ।

**9.2** ਸਿਰਫ ਜਲਦੀ ਕਰਨ ਕਰਕੇ ਹੀ ਕਦੀ ਵੀ ਮਜਿਸਟਰੇਟ ਕੋਰਟ ਵਿਚ ਮੁਕੱਦਮਾ ਰੱਖਣ ਦੀ ਮੰਗ ਨਹੀਂ ਕਰਨੀ ਚਾਹੀਦੀ। .ਰ ਸਰਕਾਰੀ ਵਕੀਲਾਂ ਨੂੰ ਜੇ ਉਨ੍ਹਾਂ ਨੇ ਮੁਕੱਦਮਾ ਕਰਾਊਨ ਕੋਰਟ ਵਿਚ ਭੇਜਿਆ ਤਾਂ ਸੰਭਾਵਿਤ ਦੇਰ ਦੇ ਅਸਰ ਅਤੇ ਜੇ ਮੁਕੱਦਮੇ ਵਿਚ ਦੇਰ ਕੀਤੀ ਗਈ ਤਾਂ ਅਪਰਾਧ ਦੇ ਸ਼ਿਕਾਰਾਂ ਅਤੇ ਗਵਾਹਾਂ ਉਪਰ ਕੋੜ ਪੈਣ ਦੀ ਸੰਭਾਵਨਾ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

## 10 ਕਸੂਰ ਮੰਨਣ ਦੀ ਪ੍ਰਵਾਨਗੀ

**10.1** ਸ਼ਾਇਦ ਮੁਦਾਲਾਹ ਕੁਝ, ਪਰ ਸਾਰੇ ਦੋਸ਼ਾਂ ਦਾ ਕਸੂਰ ਮੰਨਣਾ ਚਾਹੁੰਣਗੇ। ਇਸ ਦੀ ਬਜਾਏ, ਉਹ ਸ਼ਾਇਦ ਅਲੱਗ, ਸ਼ਾਇਦ ਘੱਟ ਸੰਗੀਨ ਜੁਰਮ ਦਾ ਕਸੂਰ ਮੰਨਣਾ ਚਾਹੁੰਣ, ਕਿਉਂਕਿ ਉਹ ਅਪਰਾਧ ਦਾ ਕੁਝ ਹਿੱਸਾ ਹੀ ਮੰਨ ਰਹੇ ਹਨ। ਸਰਕਾਰੀ ਵਕੀਲਾਂ ਨੂੰ ਮੁਦਾਲਾਹ ਦਾ ਕਸੂਰ ਮੰਨਣਾ ਤਾਂ ਹੀ ਪ੍ਰਵਾਨ ਕਰਨਾ ਚਾਹੀਦਾ ਹੈ ਜੇ ਉਹ ਇਹ ਸਮਝਣ ਕਿ ਅਦਾਲਤ ਅਪਰਾਧ ਦੀ ਗੰਭੀਰਤਾ ਦੇ ਅਨੁਕੂਲ ਸਜ਼ਾ ਦੇ ਸਕੇਗੀ, ਵਿਸ਼ੇਸ਼ ਤੌਰ ਤੇ ਜਿਥੇ ਇਸ ਅਪਰਾਧ ਵਿਚ ਵਧੇਰੇ ਵਿਗਾੜ ਵਾਲੇ ਤੱਤ ਹੋਣ। ਸਰਕਾਰੀ ਵਕੀਲਾਂ ਨੂੰ ਸਿਰਫ ਆਸਾਨੀ ਲਈ ਹੀ ਨਹੀਂ ਮੁਦਾਲਾਹ ਦਾ ਕਸੂਰ ਮੰਨਣਾ ਪ੍ਰਵਾਨ ਕਰਨਾ ਚਾਹੀਦਾ।

**10.2** ਇਹ ਫੈਸਲਾ ਕਰਨ ਵੇਲੇ ਕਿ ਮੁਦਾਲਾਹ ਵਲੋਂ ਆਪਣਾ ਕਸੂਰ ਮੰਨਣਾ ਜਾਂ ਨਾ ਮੰਨਣਾ ਪ੍ਰਵਾਨ ਕੀਤਾ ਜਾਵੇ, ਸਰਕਾਰੀ ਵਕੀਲਾਂ ਨੂੰ ਇਹ ਫੈਸਲਾ ਕਰਨ ਵੇਲੇ ਕਿ ਮੁਦਾਲਾਹ ਦਾ ਕਸੂਰ ਮੰਨਣਾ ਜਾਂ ਨਾ ਮੰਨਣਾ ਪ੍ਰਵਾਨ ਕਰਨਾ ਜਨਤਕ ਹਿੱਤ ਵਿਚ ਹੈ ਜਾਂ ਨਹੀਂ ਇਹ ਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਅਪਰਾਧ ਦੇ ਸ਼ਿਕਾਰ ਦੇ ਹਿੱਤ ਅਤੇ ਜਿਥੇ ਹੋ ਸਕੇ ਅਪਰਾਧ ਦਏ ਸ਼ਿਕਾਰ ਜਾਂ ਉਸ ਦੇ ਪਰਵਾਰ ਦੀ ਰਾਏ ਉਪਰ ਵਿਚਾਰ ਕਰਨਾ ਚਾਹੀਦਾ ਹੈ। ਫਿਰ ਵੀ, ਅੰਤਿਮ ਫੈਸਲਾ ਸਰਕਾਰੀ ਵਕੀਲ ਨੇ ਕਰਨਾ ਹੈ।

**10.3** ਅਦਾਲਤ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਮੁਦਾਲਾਹ ਵਲੋਂ ਕਸੂਰ ਮੰਨਣਾ ਜਾਂ ਨਾ ਮੰਨਣਾ ਕਿਸ ਅਧਾਰ ਤੇ ਪੇਸ਼ ਅਤੇ ਪ੍ਰਵਾਨ ਕੀਤਾ ਜਾ ਇਹਾ ਹੈ। ਉਨ੍ਹਾਂ ਕੇਸਾਂ ਵਿਚ ਜਿਥੇ ਮੁਦਾਲਾਹ ਦੋਸ਼ਾਂ ਬਾਰੇ ਕਸੂਰ ਮੰਨ ਲੈਂਦਅ ਹੈ ਪਰ ਕਸੂਰ ਉਨ੍ਹਾਂ ਤੱਤਾਂ ਦੇ ਅਧਾਰ ਤੇ ਮੰਨਦਾ ਹੈ ਜਿਹੜੇ ਪੈਰਵੀ ਮੁਕੱਦਮੇ ਨਾਲੋਂ ਵੱਖਰੇ ਹਨ ਅਤੇ ਜਿਥੇ ਇਨ੍ਹਾਂ ਨਾਂ ਸਜ਼ਾ ਪਰ ਕਾਫੀ ਪ੍ਰਭਾਵ ਪੈ ਸਕਦਾ ਹੈ, ਤਾਂ ਅਦਾਲਤ ਤੋਂ ਮੰਗ ਕਰਨੀ ਚਾਹੀਦੀ ਹੈ ਕਿ ਉਹ ਸਬੂਤ ਸੁਣ ਕੇ ਫੈਸਲਾ ਕਰੇ ਕਿ ਕੁਝ ਹੋਇਆ ਸੀ ਅਤੇ ਇਸ ਅਧਾਰ ਤੇ ਸਜ਼ਾ ਦੇਵੇ।

**10.4** ਜਿਥੇ ਮੁਦਾਲਾਹ ਨੇ ਪਹਿਲਾਂ ਇਹ ਇੱਛਾ ਪ੍ਰਗਟ ਕੀਤੀ ਸੀ ਕਿ ਉਹ ਅਦਾਲਤ ਨੂੰ ਸਜ਼ਾ ਦੇਣ ਵੇਲੇ ਇਕ ਅਪਰਾਧ ਨੂੰ ਵਿਚਾਰ ਅਧੀਨ ਕਰਨ ਲਈ ਬੇਨਤੀ ਕਰੇਗੀ(ਗਾ), ਪਰ ਅਦਾਲਤ ਵਿਚ ਇਸ ਅਪਰਾਧ ਨੂੰ ਮੰਨਦੇ ਨਹੀਂ, ਤਾਂ ਸਰਕਾਰੀ ਵਕੀਲ ਉਸ ਅਪਰਾਧ ਬਾਰੇ ਵਿਚਾਰ ਕਰਨਗੇ ਕਿ ਉਸ ਪ੍ਰਤੀ ਪੈਰਵੀ ਮੁਕੱਦਮਾ ਚਲਾਉਣ ਦੀ ਜ਼ਰੂਰਤ ਹੈ ਜਾਂ ਨਹੀਂ। ਸਰਕਾਰੀ ਵਕੀਲਾਂ ਨੂੰ ਬਚਾਅ ਪੱਖ ਦੇ ਵਕੀਲ ਅਤੇ ਅਦਅਲਤ ਨੂੰ ਸਪਸ਼ਟੀਕਰਨ ਦੇਣਾ ਚਾਹੀਦਾ ਹੈ ਕਿ ਉਸ ਅਪਰਾਧ ਪ੍ਰਤੀ ਪੈਰਵੀ ਮੁਕੱਦਮਾ ਚਲਾਉਣ ਬਾਰੇ ਹੋਰ ਮੁੜ ਵਿਚਾਰ ਕੀਤਾ ਜਾ ਸਕਦਾ ਹੈ।

**10.5** ਮੁਦਾਲਾਹ ਵਲੋਂ ਕਸੂਰ ਮੰਨਣ ਜਾਂ ਨਾ ਮੰਨਣ ਦੀਆਂ ਉਨ੍ਹਾਂ ਦਲੀਲਾਂ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ ਜਿਨ੍ਹਾਂ ਨਾਲ ਮੁਦਾਲਾਹ ਘੱਟ ਤੋਂ ਘੱਟ ਲਾਜ਼ਮੀ ਸਜ਼ਾ ਤੋਂ ਬਚ ਸਕੇ। ਕਸੂਰ ਮੰਨਣ ਜਾਂ ਨਾ ਮੰਨਣ ਦੀਆਂ ਦਲੀਲਾਂ ਪੇਸ਼ ਹੋਣ ਵੇਲੇ, ਸਰਕਾਰੀ ਵਕੀਲਾਂ ਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਕੁਝ ਅਪਰਾਧਾਂ ਨਾਲ ਅਨੁਸੰਗੀ ਹੁਕਮ ਕੀਤੇ ਜਾ ਸਕਦੇ ਹਨ ਪਰ ਦੂਸਰਿਆਂ ਨਾਲ ਨਹੀਂ।

## 11 ਸਜ਼ਾ ਦੇਣ ਵਿਚ ਸਰਕਾਰੀ ਵਕੀਲਾਂ ਦੀ ਭੂਮਿਕਾ

**11.1** ਸਰਕਾਰੀ ਵਕੀਲਾਂ ਨੂੰ ਅਦਾਲਤ ਦਾ ਧਿਆਨ ਇਨ੍ਹਾਂ ਵੱਲ ਦਿਵਾਉਣਾ ਚਾਹੀਦਾ ਹੈ:
- ਪੈਰਵੀ ਪੱਖ ਵਲੋਂ ਪੇਸ਼ ਕੀਤੇ ਗਏ ਵਧੇਰੇ ਵਿਗਾੜਨ ਜਾਂ ਘਟਾਉਣ ਵਾਲੇ ਤੱਤ,
- ਕੋਈ ਵੀ ਅਪਰਾਧ ਦਏ ਸ਼ਿਕਾਰ ਦੇ ਬਿਆਨ,
- ਜਿਥੇ ਉਚਿਤ ਹੋਵੇ, ਅਪਰਾਧ ਦਾ ਭਾਈਚਾਰੇ ਉਪਰ ਪ੍ਰਭਾਵ,
- ਕਾਨੂੰਨੀ ਸ਼ਰਤਾਂ ਜਾਂ ਸਜ਼ਾ ਦੇਣ ਲਈ ਰਹਿਨੁਮਾਈ ਜਿਸ ਨਾਲ ਸਹਾਇਤਾ ਹੋ ਸਕੇ,
- ਅਨੁਸੰਗੀ ਹੁਕਮਾਂ (ਜਿਸ ਤਰ੍ਹਾਂ ਕਿ ਸਮਾਜ-ਵਿਰੋਧੀ ਰਵਈਏ ਦੇ ਹੁਕਮ) ਨਾਲ ਸੰਬੰਧਿਤ ਕਾਨੂੰਨੀ ਗੁੰਜਾਇਸ਼ਾਂ।

**11.2** ਸਰਕਾਰੀ ਵਕੀਲ ਨੂੰ ਬਚਾ ਪੱਖ ਵਲੋਂ ਅਪਰਾਧ ਦੀ ਗੰਭੀਰਤਾ ਘਟਾਉਣ ਲਈ ਪੇਸ਼ ਕੀਤੀ ਗਈ ਦਲੀਲ ਜਿਹੜੀ ਗਲਤ, ਗੁਮਰਾਹ ਕਰਨ ਜਾਂ ਅਪਮਾਨਜਨਕ ਹੋਵੇ ਦਾ ਵਿਰੋਧ ਕਰਨਾ ਚਾਹੀਦਾ ਹੈ। ਜੇ ਬਚਾਅ ਪੱਖ ਇਸ ਦਲੀਲ ਤੇ ਸਥਿਰ ਰਹਿਣ ਅਤੇ ਇਹ ਸਜ਼ਾ ਨਾਲ ਸੰਬੰਧਤ ਹੈ, ਤਾਂ ਅਦਾਲਤ ਨੂੰ ਤੱਤ ਨਿਸ਼ਚਿਤ ਕਰਕੇ ਅਨੁਕੂਲ ਸਜ਼ਾ ਦੇਣ ਲਈ ਬੇਨਤੀ ਕਰਨੀ ਚਾਹੀਦੀ ਹੈ।

## 12 ਪੈਰਵੀ ਮੁਕੱਦਮੇ ਦਾ ਦੁਬਾਰਾ ਅਰੰਭ

**12.1** ਲੋਕਾਂ ਨੂੰ ਕਰਾਊਨ ਪ੍ਰੋਸੀਕਿਊਸ਼ਨ ਸਰਵਿਸ ਦੇ ਕੀਤੇ ਹੋਏ ਫੈਸਲਿਆਂ ਉਪਰ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਆਮ ਤੌਰ ਤੇ, ਜੇ ਕਰਾਊਨ ਪ੍ਰੋਸੀਕਿਊਸ਼ਨ ਸਰਵਿਸ ਮੁਦਾਲਾਹ ਜਾਂ ਸ਼ੱਕੀ ਵਿਅਕਤੀ ਨੂੰ ਦੱਸ ਦੇਵੇ ਕਿ ਪੈਰਵੀ ਮੁਕੱਦਮਾ ਨਹੀਂ ਚਲੇਗਾ ਜਾਂ ਪੈਰਵੀ ਮੁਕੱਦਮਾ ਖਤਮ ਕਰ ਦਿੱਤਾ ਗਿਆ ਹੈ, ਤਾਂ ਆਮ ਤੌਰ ਤੇ ਏਥੇ ਮਾਮਲੇ ਦਾ ਅੰਤ ਹੋ ਜਾਂਦਾ ਹੈ ਅਤੇ ਮੁਕੱਦਮਾ ਦੁਬਾਰਾ ਅਰੰਭ ਨਹੀਂ ਹੋਵੇਗਾ। ਪਰ ਕੁਝ ਵਾਰੀ ਵਿਸ਼ੇਸ਼ ਕਾਰਨਾਂ ਕਰਕੇ ਕਰਾਉਣ ਪ੍ਰੋਸੀਕਿਊਸ਼ਨ ਸਰਵਿਸ ਪੈਰਵੀ ਮੁਕੱਦਮਾ ਅਰੰਭ ਕਰੇਗੀ, ਖਾਸ ਕਰਕੇ ਜੇ ਕੇਸ ਗੰਭੀਰ ਹੋਵੇ।

**12.2** ਇਨ੍ਹਾਂ ਕਾਰਨਾਂ ਵਿਚ ਇਹ ਸ਼ਾਮਲ ਹਨ:

**a** ਬਹੁਤ ਘੱਟ ਕੇਸ ਜਿਥੇ ਮੁੱਢਲੇ ਫੈਸਲਿਆਂ ਉਪਰ ਨਵੇਂ ਸਿਰਿਉਂ ਵਿਚਾਰਨ ਨਾਲ ਇਹ ਸਪਸ਼ਟ ਹੋ ਗਿਆ ਹੈ ਕਿ ਮੁੱਢਲਾ ਫੈਸਲਾ ਗਲਤ ਸੀ ਅਤੇ ਇਸ ਨੂੰ ਇਸ ਤਰ੍ਹਾਂ ਨਹੀਂ ਛੱਡਿਆ ਜਾਣਾ ਚਾਹੀਦਾ,

**b** ਉਹ ਕੇਸ ਜਿਹੜੇ ਇਸ ਕਰਕੇ ਬੰਦ ਕੀਤੇ ਗਏ ਹਨ ਤਾਂ ਕਿ ਹੋਰ ਸਬੂਤ ਜਿਨ੍ਹਾਂ ਦੀ ਜਲਦੀ ਭਵਿਖ ਵਿਚ ਮਿਲਣ ਦੀ ਸੰਭਾਵਨਾ ਹੈ ਉਨ੍ਹਾਂ ਨੂੰ ਇਕੱਠੇ ਅਤੇ ਤਿਆਰ ਕੀਤਾ ਜਾ ਸਕੇ। ਇਨਹਾਂ ਕੇਸਾਂ ਵਿਚ ਸਰਕਾਰੀ ਵਕੀਲ ਮੁਦਾਲਾਹ ਨੂੰ ਦੱਸੇਗਾ ਕਿ ਪੈਰਵੀ ਮੁਕੱਦਮਾ ਦੁਬਾਰਾ ਅਰੰਭ ਹੋ ਸਕਦਾ ਹੈ, ਅਤੇ

**c** ਉਹ ਕੇਸ ਜਿਹੜੇ ਸਬੂਤ ਦੀ ਕਮੀ ਕਰਕੇ ਬੰਦ ਕੀਤੇ ਗਏ ਸਨ ਪਰ ਬਾਅਦ ਵਿਚ ਕਾਫੀ ਸਬੂਤ ਮਿਲ ਜਾਣ।

**12.3** ਹੋਰ ਵੀ ਅਸਧਾਰਨ ਕੇਸ ਹੋ ਸਕਦੇ ਹਨ, ਜਿਨ੍ਹਾਂ ਵਿਚ, ਗੰਭੀਰ ਅਪਰਾਧ ਵਿਚੋਂ ਬਰੀ ਹੋਣ ਤੋਂ ਬਾਅਦ, ਸਰਕਾਰੀ ਵਕੀਲ ਡਾਇਰੈਕਟਰ ਔਫ ਪਬਲਿਕ ਪ੍ਰੋਸੀਕਿਊਸ਼ਨਜ਼ ਦੀ ਲਿਖਤੀ ਮਨਜ਼ੂਰੀ ਨਾਲ, ਕੋਰਟ ਔਫ ਅਪਲਿ ਨੂੰ ਪਹਿਲੇ ਬਰੀ ਹੋਣ ਦੇ ਹੁਕਮ ਨੂੰ ਖਤਮ ਕਰਨ ਲਈ ਅਤੇ ਮੁਦਾਲਾਹ ਵਿਰੁਧ ਦੁਬਾਰਾ ਮੁਕੱਦਮਾ ਚਲਾਉਣ ਲਈ, ਕਰੀਮੀਨਲ ਜਸਟਿਸ ਐਕਟ 2003 ਦੇ ਭਾਗ 10 ਅਨੁਸਾਰ ਬੇਨਤੀ ਕਰ ਸਕਦਾ ਹੈ।

*ਦਾ ਕੋਡ* ਇਕ ਜਨਤਕ ਦਸਤਾਵੇਜ਼ ਹੈ। ਇਹ ਸੀ ਪੀ ਐਸ ਵੈਬਸਾਈਟ: www.cps.gov.uk ਤੋਂ ਮਿਲ ਸਕਦਾ ਹੈ।

ਹੋਰ ਕਾਪੀਆਂ ਏਥੋ ਮਿਲ ਸਕਦੀਆਂ ਹਨ:

Crown Prosecution Service
Communications Branch
50 Ludgate Hill
London EC4M 7EX
ਟੈਲੀਫ਼ੋਨ: 020 7796 8030
ਫ਼ੈਕਸ: 020 7796 8351
ਈਮੇਲ: publicity.branch@cps.gsi.gov.uk

ਦੂਸਰੀਆਂ ਭਾਸ਼ਾਵਾਂ ਵਿਚ ਅਨੁਵਾਦ ਅਤੇ ਸੁਣਨ ਵਾਲੀ ਟੇਪ ਜਾਂ ਬਰੇਲ ਦੀਆਂ ਕਾਪੀਆਂ ਮਿਲ ਸਕਦੀਆਂ ਹਨ। ਜਾਣਕਾਰੀ ਲਈ ਕਿਰਪਾ ਕਰਕੇ ਸੀ ਪੀ ਐਸ ਕਮੀਊਨੀਕੇਸ਼ਨਜ਼ ਬਰਾਂਚ (ਉਪਰ) ਨਾਲ ਸੰਪਰਕ ਕਰੋ।